8-SEP-PAGE-1.qxd 9/7/2023 10:55 PM Page 1

ਸ਼ੁੱਕਰਵਾਰ, 8 ਸਤੰਬਰ, 2023
23 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 98

# ਨਵਾਂ ਜ਼ਮਾਨਾ

DAILY NAWAN ZAMANA • FRIDAY, 8 SEPTEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਮੋਦੀ ਤੇ ਉਨ੍ਹਾ ਦੇ ਸਹਿਯੋਗੀ ਸਨਾਤਨ ਧਰਮ ਨੂੰ ਵਰਤ ਰਹੇ : ਉਦੈਨਿਧੀ

**ਚੇਨਈ** : ਤਾਮਿਲਨਾਡੂ ਦੇ ਮੰਤਰੀ ਉਦੈਨਿਧੀ ਸਟਾਲਿਨ ਨੇ ਵੀਰਵਾਰ ਦੋਸ਼ ਲਗਾਇਆ ਕਿ ਮਨੀਪੁਰ ਹਿੰਸਾ ਤੇ ਭ੍ਰਿਸ਼ਟਾਚਾਰ ਤੋਂ ਧਿਆਨ ਹਟਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾ ਦੇ ਸਹਿਯੋਗੀ ਸਨਾਤਨ ਧਰਮ ਦੀ ਵਰਤੋਂ ਕਰ ਰਹੇ ਹਨ। ਉਨ੍ਹਾ ਕਿਹਾ ਕਿ ਉਹ ਸਾਰੇ ਮਾਮਲਿਆਂ ਦਾ ਕਾਨੂੰਨੀ ਢੰਗ ਨਾਲ ਮੁਕਾਬਲਾ ਕਰਨਗੇ। ਉਨ੍ਹਾ ਸਪੱਸ਼ਟ ਕੀਤਾ ਕਿ ਸਾਰਿਆਂ ਨੂੰ ਪਤਾ ਹੈ ਉਹ ਕਿਸੇ ਧਰਮ ਦੇ ਦੁਸ਼ਮਣ ਨਹੀਂ। ਉਨ੍ਹਾ ਕਿਹਾ, 'ਉਹ ਕਿਸੇ ਵੀ ਧਰਮ ਦੇ ਦੁਸ਼ਮਣ ਨਹੀਂ ਹਨ। ਉਨ੍ਹਾ ਦੇ ਬਿਆਨ ਦਾ ਗਲਤ ਮਤਲਬ ਕੱਢਿਆ ਗਿਆ।' ਉਨ੍ਹਾ ਵੀਰਵਾਰ 4 ਸਫਿਆਂ ਦੀ ਸਟੇਟਮੈਂਟ 'ਚ ਆਪਣੀਆਂ ਗੱਲਾਂ ਨੂੰ ਸਾਫ਼ ਕੀਤਾ। ਉਨ੍ਹਾ ਕਿਹਾ—ਭਾਜਪਾ ਦੇ ਪਿਛਲੇ 9 ਸਾਲਾਂ ਦੇ ਸਾਰੇ ਵਾਅਦੇ ਖੋਖਲੇ ਸਾਬਤ ਹੋਏ ਹਨ। ਭਾਜਪਾ ਨੇ ਅਸਲ 'ਚ ਸਾਡੀ ਭਲਾਈ ਲਈ ਕੀ ਕੀਤਾ ਹੈ? ਉਨ੍ਹਾ ਕਿਹਾ, "ਇਹ ਉਹ ਸਵਾਲ ਹੈ, ਜਿਸ ਨੂੰ ਪੂਰਾ ਦੇਸ਼ ਇਸ ਸਮੇਂ ਫਾਸ਼ੀਵਾਦੀ ਭਾਜਪਾ ਸਰਕਾਰ ਵਿਰੁੱਧ ਇਕਜੁੱਟ ਹੋ ਕੇ ਉਠਾ ਰਿਹਾ ਹੈ। ਇਸੇ ਪਿਛੋਕੜ ਵਿੱਚ ਭਾਜਪਾ ਆਗੂਆਂ ਨੇ ਟੀ ਐੱਨ ਪੀ ਡਬਲਿਊ ਏ ਏ ਦੀ ਕਾਨਫਰੰਸ ਵਿੱਚ ਮੇਰੇ ਭਾਸ਼ਣ ਨੂੰ 'ਭੜਕਾਊ' ਕਰਾਰ ਦਿੱਤਾ ਹੈ।" ਉਨ੍ਹਾ ਕਿਹਾ—ਹੈਰਾਨੀ ਦੀ ਗੱਲ ਹੈ ਕਿ ਕੇਂਦਰੀ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਸ਼ਾਸਤ ਸੂਬਿਆਂ ਦੇ ਮੁੱਖ ਮੰਤਰੀ ਫੇਕ ਨਿਊਜ਼ ਦੇ ਅਧਾਰ 'ਤੇ ਮੇਰੇ ਖਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਸਨ। ਮੈਂ ਵੀ ਇੱਕ ਅਧਿਆਤਮਵਾਦੀ ਹਾਂ। ਜੇ ਕੋਈ ਧਰਮ ਲੋਕਾਂ ਨੂੰ ਜਾਤੀ ਤੇ ਨਾਵਾਂ 'ਤੇ ਵੰਡਦਾ ਹੈ, ਉਸ ਧਰਮ 'ਚ ਛੂਆਛਾਤ ਅਤੇ ਗੁਲਾਮੀ ਨਜ਼ਰ ਆਉਂਦੀ ਹੈ ਤਾਂ ਮੈਂ ਉਸ ਧਰਮ ਦਾ ਵਿਰੋਧ ਕਰਨ ਵਾਲਾ ਪਹਿਲਾ ਵਿਅਕਤੀ ਹੋਵਾਂਗਾ।

ਉਨ੍ਹਾ ਕਿਹਾ, 'ਮਨੀਪੁਰ ਬਾਰੇ ਸਵਾਲਾਂ ਦਾ ਸਾਹਮਣਾ ਕਰਨ ਤੋਂ ਡਰ ਕੇ ਉਹ ਆਪਣੇ ਦੋਸਤ ਗੌਤਮ ਅਡਾਨੀ ਨਾਲ ਦੁਨੀਆ ਭਰ 'ਚ ਘੁੰਮ ਰਹੇ ਹਨ। ਸੱਚ ਤਾਂ ਇਹ ਹੈ ਕਿ ਲੋਕਾਂ ਦੀ ਅਗਿਆਨਤਾ ਹੀ ਉਨ੍ਹਾ ਦੀ ਨਾਟਕੀ ਰਾਜਨੀਤੀ ਦੀ ਪੂੰਜੀ ਹੈ।' ਉਨ੍ਹਾ ਦੋਸ਼ ਲਾਇਆ ਕਿ ਮੋਦੀ ਅਤੇ ਉਨ੍ਹਾ ਦੇ ਸਹਿਯੋਗੀ ਮਨੀਪੁਰ 'ਚ ਭੜਕੇ ਦੰਗਿਆਂ 'ਚ 250 ਤੋਂ ਵੱਧ ਲੋਕਾਂ ਦੀ ਹੱਤਿਆ ਅਤੇ 7.5 ਲੱਖ ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਸਮੇਤ ਤੱਥਾਂ ਤੋਂ ਧਿਆਨ ਭਟਕਾਉਣ ਲਈ ਸਨਾਤਨ ਧਰਮ ਦਾ ਇਸਤੇਮਾਲ ਕਰ ਰਹੇ ਹਨ। ਉਨ੍ਹਾ ਕਿਹਾ ਕਿ ਮੈਂ ਸਾਡੇ ਪਾਰਟੀ ਪ੍ਰਧਾਨ (ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ) ਦੇ ਮਾਰਗਦਰਸ਼ਨ ਅਤੇ ਸਾਡੀ ਪਾਰਟੀ ਹਾਈਕਮਾਨ ਦੀ ਸਲਾਹ 'ਤੇ ਆਪਣੇ ਖਿਲਾਫ਼ ਦਾਖ਼ਲ ਮਾਮਲਿਆਂ ਦਾ ਕਾਨੂੰਨੀ ਰੂਪ ਨਾਲ ਸਾਹਮਣਾ ਕਰਾਂਗਾ।

ਦੂਜੇ ਪਾਸੇ ਉਦੈਨਿਧੀ ਸਟਾਲਿਨ ਦੇ 'ਸਨਾਤਨ ਧਰਮ ਨੂੰ ਖ਼ਤਮ ਕਰ ਦੇਣਾ ਚਾਹੀਦਾ' ਟਿੱਪਣੀ 'ਤੇ ਤਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਕਿਹਾ, 'ਉਨ੍ਹਾ ਸਨਾਤਨ ਸਿਧਾਂਤਾਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ, ਜੋ ਅਨੁਸੂਚਿਤ ਜਾਤੀ, ਜਨਜਾਤੀਆਂ ਅਤੇ ਔਰਤਾਂ ਖਿਲਾਫ਼ ਭੇਦਭਾਵ ਕਰਦੇ ਹਨ, ਉਨ੍ਹਾ ਦਾ ਕਿਸੇ ਵੀ ਧਰਮ ਜਾਂ ਧਾਰਮਕ ਮਾਨਤਾਵਾਂ ਨੂੰ ਠੇਸ ਪਹੁੰਚਾਉਣ ਦਾ ਕੋਈ ਇਰਾਦਾ ਨਹੀਂ ਸੀ।' ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਸਮਰਥਕ ਤਾਕਤਾਂ ਦਮਨਕਾਰੀ ਸਿਧਾਂਤਾਂ ਦੇ ਖਿਲਾਫ਼ ਰੁਖ ਨੂੰ ਬਰਦਾਸ਼ਤ ਕਰਨ 'ਚ ਅਸਮਰਥ ਹਨ ਅਤੇ ਉਨ੍ਹਾਂ ਇੱਕ ਝੂਠੀ ਕਹਾਣੀ ਫੈਲਾਈ ਹੈ, ਜਿਸ 'ਚ ਦੋਸ਼ ਲਾਇਆ ਕਿ ਉਦੈਨਿਧੀ ਨੇ ਸਨਾਤਨ ਵਿਚਾਰਾਂ ਵਾਲੇ ਲੋਕਾਂ ਦਾ ਕਤਲੇਆਮ ਕਰਨ ਦਾ ਸੱਦਾ ਦਿੱਤਾ ਸੀ।

ਇਸੇ ਦੌਰਾਨ ਸੰਜੈ ਰਾਊਤ ਨੇ ਵੀਰਵਾਰ ਕਿਹਾ—ਉਨ੍ਹਾ ਅਤੇ ਹੋਰ ਕਿਸੇ ਨੂੰ ਵੀ ਇਸ ਤਰ੍ਹਾਂ ਦੇ ਬਿਆਨਾਂ ਤੋਂ ਬਚਣਾ ਚਾਹੀਦਾ ਹੈ। ਇਸ ਦੇਸ਼ 'ਚ ਲੱਗਭੱਗ 90 ਕਰੋੜ ਹਿੰਦੂ ਰਹਿੰਦੇ ਹਨ ਅਤੇ ਹੋਰ ਧਰਮਾਂ ਦੇ ਲੋਕ ਵੀ ਇਸ ਦੇਸ਼ 'ਚ ਰਹਿੰਦੇ ਹਨ। ਉਨ੍ਹਾ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਈ ਜਾ ਸਕਦੀ।

# 9 ਕਿਲੋ ਹੈਰੋਇਨ ਸਮੇਤ ਤਸਕਰ ਕਾਬੂ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਜਲੰਧਰ ਦਿਹਾਤੀ ਪੁਲਸ ਵੱਲੋਂ ਨਸ਼ਾ ਤਸਕਰਾਂ 'ਤੇ ਸ਼ਿਕੰਜੇ ਕਾਰਨ ਵੱਡੀ ਸਫ਼ਲਤਾ ਹੱਥ ਲੱਗੀ ਹੈ। ਪੁਲਸ ਨੇ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ ਭੇਜਣ ਵਾਲੇ ਮੁੱਖ ਤਸਕਰ ਫਾਜ਼ਿਲਕਾ ਨਿਵਾਸੀ ਮਲਕੀਤ ਉਰਫ਼ ਕਾਲੀ ਨੂੰ ਗ੍ਰਿਫ਼ਤਾਰ ਕੀਤਾ ਹੈ। ਕਾਲੀ ਤੋਂ ਪੁਲਸ ਨੇ 9 ਕਿਲੋ ਹੈਰੋਇਨ ਬਰਾਮਦ ਕੀਤੀ। ਪੁੱਛਗਿੱਛ ਦੌਰਾਨ ਪਤਾ ਚੱਲਿਆ ਕਿ ਉਸ ਦੇ ਪਾਕਿਸਤਾਨ 'ਚ ਬੈਠੇ ਤਸਕਰਾਂ ਨਾਲ ਸੰਬੰਧ ਹਨ। ਕਾਲੀ ਨੇ ਬਾਰਡਰ ਦੇ ਰਸਤੇ ਪਾਕਿਸਤਾਨ 'ਚ ਲੜਕਿਆਂ ਨੂੰ ਭੇਜ ਕੇ 50 ਕਿਲੋ ਹੈਰੋਇਨ ਮੰਗਵਾਈ ਸੀ। ਭਾਰਤ 'ਚ ਹੈਰੋਇਨ ਪਹੁੰਚਣ ਤੋਂ ਬਾਅਦ ਇਸ ਨੂੰ 6 ਵੱਖ-ਵੱਖ ਤਸਕਰਾਂ ਵਿਚਾਲੇ ਵੰਡਣਾ ਸੀ। ਪੁਲਸ ਨੇ ਹਾਲੇ ਤੱਕ 4 ਤਸਕਰਾਂ ਨੂੰ ਫੜ ਕੇ ਉਨ੍ਹਾਂ ਕੋਲੋਂ ਸਾਢੇ 31 ਕਿਲੋਗ੍ਰਾਮ ਹੈਰੋਇਨ ਬਰਾਮਦ ਕਰ ਲਈ ਹੈ।

ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਗੌਰਵ ਯਾਦਵ ਨੇ ਵੀਰਵਾਰ ਦੱਸਿਆ ਕਿ ਪੁਲਸ ਟੀਮਾਂ ਨੇ ਕਾਲੀ ਕੋਲੋਂ 50 ਕਿਲੋ ਹੈਰੋਇਨ ਦੀ ਖੇਪ 'ਚੋਂ 9 ਕਿਲੋ ਹੋਰ ਹੈਰੋਇਨ ਜ਼ਬਤ ਕੀਤੀ ਹੈ। ਪੁਲਸ ਵੱਲੋਂ ਇਸ ਖੇਪ 'ਚੋਂ 22.5 ਕਿਲੋ ਹੈਰੋਇਨ ਪਹਿਲਾਂ ਹੀ ਬਰਾਮਦ ਕੀਤੀ ਜਾ ਚੁੱਕੀ ਹੈ, ਜਿਸ ਨਾਲ ਹੁਣ ਕੁੱਲ ਬਰਾਮਦਗੀ 31.5 ਕਿਲੋ ਹੋ ਗਈ ਹੈ।

ਐੱਸ ਐੱਸ ਪੀ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮ ਮਲਕੀਅਤ ਕਾਲੀ ਨੇ ਖੁਲਾਸਾ ਕੀਤਾ ਹੈ ਕਿ ਉਹ ਹੈਦਰ ਅਲੀ ਵਜੋਂ ਜਾਣੇ ਜਾਂਦੇ ਪਾਕਿਸਤਾਨ ਸਥਿਤ ਨਸ਼ਾ ਤਸਕਰ ਦੇ ਲਗਾਤਾਰ ਸੰਪਰਕ 'ਚ ਸੀ, ਜਿਸ ਨੇ ਹਵਾਲਾ ਰਾਹੀਂ ਪੈਸੇ ਦਾ ਲੈਣ-ਦੇਣ ਕਰਨ ਬਦਲੇ ਭਾਰਤ 'ਚ ਹੈਰੋਇਨ ਦੀ ਖੇਪ ਦੀ ਤਸਕਰੀ 'ਚ ਉਸ ਦੀ ਮਦਦ ਕੀਤੀ ਸੀ। ਮਲਕੀਅਤ ਕਾਲੀ ਨੇ ਇਹ ਵੀ ਕਬੂਲਿਆ ਕਿ ਉਸ ਨੇ ਜੋਗਾ ਸਿੰਘ ਨੂੰ ਦੋ ਹੋਰ ਵਿਅਕਤੀਆਂ ਨਾਲ ਦਰਿਆਈ ਰਸਤੇ 50 ਕਿਲੋ ਹੈਰੋਇਨ ਦੀ ਖੇਪ ਲਿਆਉਣ ਲਈ ਪਾਕਿਸਤਾਨ ਭੇਜਿਆ ਸੀ, ਜੋ ਕਿ ਉਸ ਦੀ ਪਾਰਟੀ ਅਤੇ ਜੋਗਾ ਸਿੰਘ ਦੀ ਪਾਰਟੀ ਵਿਚਕਾਰ ਬਰਾਬਰ ਵੰਡੀ ਜਾਣੀ ਸੀ। ਪੁਲਸ ਨੇ ਕਿਹਾ ਕਿ ਹੋਰ ਜਾਂਚ ਜਾਰੀ ਹੈ।

# 3 ਨਸ਼ਾ ਤਸਕਰਾਂ ਦੀ 52 ਲੱਖ ਦੀ ਜਾਇਦਾਦ ਅਟੈਚ

**ਗੁਰਦਾਸਪੁਰ (ਜਨਕ ਮਹਾਜਨ, ਦਿਨੇਸ਼ ਕੁਮਾਰ)**

ਸੂਬੇ ਭਰ 'ਚ ਨਸ਼ਾ ਤਸਕਰਾਂ ਖਿਲਾਫ ਪੁਲਸ ਕਾਰਵਾਈ ਤਹਿਤ ਪੁਲਸ ਜ਼ਿਲ੍ਹਾ ਗੁਰਦਾਸਪੁਰ ਵੱਲੋਂ 3 ਨਸ਼ਾ ਤਸਕਰਾਂ ਦੀ ਪ੍ਰਾਪਰਟੀ ਸੀਲ ਕੀਤੀ ਗਈ ਹੈ ਅਤੇ ਉਸ ਦੇ ਨਾਲ ਹੀ ਹੋਰਨਾਂ ਨਸ਼ਾ ਤਸਕਰਾਂ ਖਿਲਾਫ ਵੀ ਇਹੀ ਕਾਰਵਾਈ ਦੀ ਕਾਨੂੰਨੀ ਪ੍ਰਕ੍ਰਿਆ ਜਾਰੀ ਹੈ। ਇਹ ਜਾਣਕਾਰੀ ਐੱਸ ਐੱਸ ਪੀ ਗੁਰਦਾਸਪੁਰ ਦਯਾਮਾ ਹਰੀਸ਼ ਕੁਮਾਰ ਵੱਲੋਂ ਪ੍ਰੈੱਸ ਕਾਨਫਰੰਸ ਰਾਹੀਂ ਦਿੱਤੀ ਗਈ ਹੈ। ਐੱਸ ਐੱਸ ਪੀ ਵੱਲੋਂ ਵੀਰਵਾਰ ਪ੍ਰੈੱਸ ਕਾਨਫਰੰਸ 'ਚ ਦੱਸਿਆ ਗਿਆ ਕਿ ਪੁਲਸ ਵੱਲੋਂ ਤਿੰਨ ਨਸ਼ਾ ਤਸਕਰਾਂ ਖਿਲਾਫ ਇੱਕ ਵੱਖ ਤਰ੍ਹਾਂ ਦੀ ਕਾਰਵਾਈ ਕਰਦੇ ਹੋਏ ਉਹਨਾਂ ਦੀ 52 ਲੱਖ ਦੀ ਪ੍ਰਾਪਰਟੀ ਅਟੈਚ ਕੀਤੀ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਆਦੇਸ਼ਾਂ ਮੁਤਾਬਕ ਨਸ਼ਾ ਸਮਗਲਰਾਂ ਉਪਰ ਸ਼ਿਕੰਜਾ ਕੱਸਣ ਲਈ ਉਹਨਾਂ ਦੀ ਪ੍ਰਾਪਰਟੀ ਅਟੈਚ ਕਰਨ ਲਈ ਕਿਹਾ ਗਿਆ ਸੀ, ਜਿਸ 'ਚ ਜ਼ਮੀਨ, ਗੱਡੀਆਂ, ਘਰ ਅਤੇ ਖਾਲੀ ਪਲਾਟ ਵੀ ਸ਼ਾਮਲ ਹਨ। ਉਨ੍ਹਾ ਕਿਹਾ ਕਿ ਜਿਨ੍ਹਾਂ ਨਸ਼ਾ ਤਸਕਰਾਂ ਨੇ ਆਪਣੇ ਕਿਸੇ ਰਿਸ਼ਤੇਦਾਰ ਦੇ ਨਾਂਅ 'ਤੇ ਜ਼ਮੀਨ ਲੈ ਰੱਖੀ ਹੈ, ਉਹ ਵੀ ਅਟੈਚ ਕਰ ਲਈ ਜਾਵੇਗੀ। ਉਨ੍ਹਾ ਦੱਸਿਆ ਕਿ 13 ਹੋਰ ਮੁਲਜ਼ਮ ਹਨ, ਜਿਨ੍ਹਾਂ ਦੀ ਪ੍ਰਾਪਰਟੀ ਨੂੰ ਅੱਗੇ ਅਟੈਚ ਕੀਤਾ ਜਾਵੇਗਾ ਤੇ ਸਿਲਸਿਲਾ ਜਾਰੀ ਰਹੇਗਾ। ਉਨ੍ਹਾ ਕਿਹਾ ਕਿ ਜੋ ਪ੍ਰਾਪਰਟੀਆਂ ਅਟੈਚ ਹੋਈਆਂ ਹਨ, ਉਹ ਪੂਰੇ ਪ੍ਰੋਸੀਜ਼ਰ ਨਾਲ ਅਟੈਚ ਕੀਤੀਆਂ ਗਈਆਂ ਹਨ। ਮੁਲਜ਼ਮ ਉਸ ਨੂੰ ਨਾ ਵੇਚ ਸਕਦਾ ਹੈ, ਨਾ ਉਸ ਉਪਰ ਕੋਈ ਕਰਜ਼ ਲੈ ਸਕਦਾ ਹੈ। ਉਹ ਪ੍ਰਾਪਰਟੀ ਬੇਕਾਰ ਹੋ ਜਾਂਦੀ ਹੈ, ਜਿਸ ਲਈ ਉਨ੍ਹਾ ਮੀਡੀਆ ਦੇ ਜ਼ਰੀਏ ਉਨ੍ਹਾਂ ਤਸਕਰਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਸਮਾਂ ਰਹਿੰਦੇ ਉਹ ਸੁਧਰ ਜਾਣ, ਨਹੀਂ ਤਾਂ ਪੁਲਸ ਪ੍ਰਸ਼ਾਸਨ ਬਖਸ਼ੇਗਾ ਨਹੀਂ।

ਉਨ੍ਹਾ ਕਿਹਾ ਕਿ ਜਿਹਨਾਂ ਨਸ਼ਾ ਤਸਕਰਾਂ ਦੀ ਜ਼ਮੀਨ ਅਟੈਚ ਕੀਤੀ ਗਈ ਹੈ, ਇਨ੍ਹਾਂ 'ਤੇ 2021 ਅਤੇ 22 'ਚ ਨਸ਼ੇ ਦੇ ਮਾਮਲੇ ਦਰਜ ਹੋਏ ਸਨ ਤੇ ਉਹ ਲੰਮੇ ਸਮੇਂ ਤੋਂ ਨਸ਼ੇ ਦਾ ਕਾਰੋਬਾਰ ਕਰ ਰਹੇ ਸਨ। ਪੰਜਾਬ ਸਰਕਾਰ ਹੁਣ ਇਸ ਕਾਨੂੰਨ ਤਹਿਤ ਨਸ਼ਾ ਤਸਕਰਾਂ 'ਤੇ ਕਾਰਵਾਈ ਕਰ ਰਹੀ ਹੈ।

# ਪੱਛਮੀ ਬੰਗਾਲ ਦੇ ਮੰਤਰੀਆਂ ਤੇ ਵਿਧਾਇਕਾਂ ਦੀ ਤਨਖਾਹ 'ਚ ਵੱਡਾ ਵਾਧਾ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀਰਵਾਰ ਕੈਬਨਿਟ ਮੰਤਰੀਆਂ, ਰਾਜ ਮੰਤਰੀਆਂ ਅਤੇ ਵਿਧਾਇਕਾਂ ਦੇ ਵੇਤਨ 'ਚ ਭਾਰੀ ਵਾਧੇ ਦਾ ਐਲਾਨ ਕੀਤਾ। ਇਸ ਤਿੰਨ ਸ਼੍ਰੇਣੀਆਂ 'ਚੋਂ ਹਰ ਇੱਕ ਲਈ ਮਹੀਨਾਵਾਰ ਤਨਖਾਹ 40,000 ਰੁਪਏ ਪ੍ਰਤੀ ਵਾਧਾ ਕੀਤਾ ਜਾਵੇਗਾ। ਇਸ ਵਾਧੇ ਤੋਂ ਬਾਅਦ ਵਿਧਾਇਕ ਹੁਣ 10,000 ਰੁਪਏ ਦੀ ਮੌਜੂਦਾ ਰਕਮ ਦੀ ਬਜਾਏ 50,000 ਰੁਪਏ ਪ੍ਰਤੀ ਮਹੀਨਾ ਤਨਖਾਹ ਦੇ ਹੱਕਦਾਰ ਹੋਣਗੇ। ਸੂਬੇ ਦੇ ਮੰਤਰੀਆਂ ਦੀ ਪ੍ਰਤੀ ਮਹੀਨਾ ਤਨਖਾਹ 10,900 ਰੁਪਏ ਤੋਂ ਵਧਾ ਕੇ 50900 ਰੁਪਏ ਕਰ ਦਿੱਤੀ ਗਈ ਹੈ। ਕੈਬਨਿਟ ਮੰਤਰੀਆਂ ਦੇ ਮਾਮਲੇ 'ਚ ਇਹ ਰਕਮ 11,000 ਰੁਪਏ ਤੋਂ ਵਧਾ ਕੇ 51,000 ਰੁਪਏ ਕਰ ਦਿੱਤੀ ਗਈ ਹੈ। ਕੈਬਨਿਟ ਮੰਤਰੀਆਂ, ਰਾਜ ਮੰਤਰੀ ਅਤੇ ਵਿਧਾਇਕ ਪ੍ਰਤੀ ਮਹੀਨਾ ਤਨਖਾਹ ਤੋਂ ਇਲਾਵਾ ਹੋਰ ਵਾਧੂ ਭੱਤੇ ਲੈਣ ਦੇ ਹੱਕਦਾਰ ਵੀ ਹਨ, ਉਹ ਵੀ ਉਵੇਂ ਹੀ ਰਹਿਣਗੇ। ਸਰਕਾਰ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਦਾ ਮਤਲਬ ਇਹ ਹੋਵੇਗਾ ਕਿ ਤਨਖਾਹ ਅਤੇ ਭੱਤਿਆਂ ਸਮੇਤ ਵਿਧਾਇਕਾਂ ਨੂੰ ਮਿਲਣ ਵਾਲਾ ਪ੍ਰਤੀ ਮਹੀਨਾ ਭੁਗਤਾਨ ਹੁਣ 81,000 ਰੁਪਏ ਪ੍ਰਤੀ ਮਹੀਨਾ ਦੀ ਮੌਜੂਦਾ ਦਰ ਤੋਂ ਵਧ ਕੇ 1.21 ਲੱਖ ਰੁਪਏ ਹੋ ਜਾਵੇਗਾ। ਇਸੇ ਤਰ੍ਹਾਂ ਹੁਣ ਤੋਂ ਮੰਤਰੀਆਂ ਨੂੰ ਮਿਲਣ ਵਾਲਾ ਅਸਲ ਪ੍ਰਤੀ ਮਹੀਨਾ ਭੁਗਤਾਨ 1.10 ਲੱਖ ਰੁਪਏ ਪ੍ਰਤੀ ਮਹੀਨਾ ਤੋਂ ਵਧ ਕੇ ਲੱਗਭੱਗ 1.50 ਲੱਖ ਰੁਪਏ ਪ੍ਰਤੀ ਮਹੀਨਾ ਹੋ ਜਾਵੇਗਾ। ਵੀਰਵਾਰ ਸੂਬਾ ਵਿਧਾਨ ਸਭਾ 'ਚ ਵਧੀਆਂ ਹੋਈਆਂ ਤਨਖਾਹਾਂ ਦਾ ਐਲਾਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਤਨਖਾਹ ਵਧਾਉਣ ਦਾ ਫੈਸਲਾ ਇਸ ਗੱਲ ਦੇ ਮੱਦੇਨਜ਼ਰ ਲਿਆ ਗਿਆ ਕਿ ਪੱਛਮੀ ਬੰਗਾਲ 'ਚ ਵਿਧਾਇਕਾਂ ਦੀ ਤਨਖਾਹ ਬਾਕੀ ਸੂਬਿਆਂ ਦੇ ਵਿਧਾਇਕਾਂ ਦੀ ਤਨਖਾਹ ਦੀ ਤੁਲਨਾ 'ਚ ਬਹੁਤ ਘੱਟ ਹੈ।

# ਮਾਸੂਮ ਬੱਚੇ ਨੂੰ ਕੈਂਟਰ ਚਾਲਕ ਨੇ ਦਰੜਿਆ, ਮੌਤ

**ਪੱਟੀ (ਸ਼ਮਸ਼ੇਰ ਸਿੰਘ ਧੋਧਾ, ਬਲਦੇਵ ਸਿੰਘ ਸੰਧੂ)**

ਤਰਨ ਤਾਰਨ ਅਧੀਨ ਪੈਂਦੇ ਪਿੰਡ ਲੌਹੁਕਾ ਵਿਖੇ ਪੰਜ ਸਾਲ ਦਾ ਮਾਸੂਮ ਬੱਚਾ ਸਕੂਲੋਂ ਪੜ੍ਹ ਕੇ ਸਕੂਲ ਵੈਨ ਰਾਹੀਂ ਆਪਣੇ ਘਰ ਆ ਰਿਹਾ ਸੀ ਤਾਂ ਜਦ ਲੌਹੁਕਾ ਅੱਡੇ 'ਤੇ ਸਕੂਲ ਵੈਨ ਨੇ ਉਸ ਬੱਚੇ ਨੂੰ ਉਤਾਰ ਦਿੱਤਾ ਤੇ ਉਹ ਬੱਚਾ ਹਰਜੋਤ ਸਿੰਘ ਸੜਕ ਪਾਰ ਕਰਨ ਲੱਗਾ ਤਾਂ ਇੱਕ ਤੇਜ਼ ਰਫਤਾਰ ਕੈਂਟਰ ਨੇ ਬੱਚੇ ਨੂੰ ਕੁਚਲ ਦਿੱਤਾ, ਜਿਸ ਕਾਰਨ ਹਰਜੋਤ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਤੇ ਉਸ ਨੂੰ ਤੁਰੰਤ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ ਤੇ ਹਰਜੋਤ ਸਿੰਘ ਗੰਭੀਰ ਜ਼ਖਮੀ ਹੋਣ ਕਰਕੇ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਇਲਾਜ ਅਧੀਨ ਦਮ ਤੋੜ ਗਿਆ। ਇਸ ਸੰਬੰਧੀ ਥਾਣਾ ਸਿਟੀ ਪੱਟੀ ਦੇ ਐੱਸ.ਐੱਚ.ਓ ਇੰਸਪੈਕਟਰ ਹਰਪ੍ਰੀਤ ਸਿੰਘ ਵਿਰਕ ਨੇ ਦੱਸਿਆ ਕਿ ਕੈਂਟਰ ਚਾਲਕ ਮਨਜੀਤ ਸਿੰਘ ਉਰਫ ਸੋਨੂੰ ਵਾਸੀ ਵਾਰਡ ਨੰਬਰ 2 ਪੱਟੀ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਮ੍ਰਿਤਕ ਬੱਚੇ ਦੇ ਪਿਤਾ ਗੁਰਮੇਜ ਸਿੰਘ ਵਾਸੀ ਲੌਹੁਕਾ ਨੇ ਪੁਲਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦਾ ਪੰਜ ਸਾਲ ਦਾ ਬੱਚਾ ਹਰਜੋਤ ਸਿੰਘ ਜੋ ਕਿ ਸੈਕਰਟ ਹਾਰਟ ਸਕੂਲ ਠੱਕਰਪੁਰਾ ਵਿਖੇ ਪੜ੍ਹਦਾ ਸੀ ਤੇ ਸਕੂਲ ਦੀ ਛੁੱਟੀ ਉਪਰੰਤ ਦੁਪਹਿਰ ਸਮੇਂ ਹੋਰਨਾਂ ਬੱਚਿਆਂ ਸਮੇਤ ਸਕੂਲ ਵੈਨ ਰਾਹ

8-SEP-PAGE-1.qxd 9/7/2023 10:58 PM Page 2



# ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ 'ਚ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਤੇ ਉਤਸਾਹ ਨਾਲ ਮਨਾਇਆ

**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ 'ਚ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ। ਸਕੂਲ ਦੇ ਪ੍ਰਿੰਸੀਪਲ ਮੈਡਮ ਸੁਚੋਨਾ ਗੋਸਵਾਮੀ ਨੇ ਸਭ ਤੋਂ ਪਹਿਲਾਂ ਜੋਤ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਬੱਚਿਆਂ ਨੇ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਹਿੰਦੂ ਧਰਮ ਦੀ ਪਵਿੱਤਰ ਪੁਸਤਕ ਗੀਤਾ ਦਾ ਸਲੋਕ ਤੇ ਭਜਨ ਗਾਏ। ਬੱਚਿਆਂ ਨੇ ਜਨਮ ਅਸ਼ਟਮੀ 'ਤੇ ਭਾਸ਼ਣ ਵੀ ਦਿੱਤਾ। ਬਾਅਦ ਵਿੱਚ ਭਗਵਾਨ ਬਾਲ ਕ੍ਰਿਸ਼ਨ ਦੀ ਮਨਪਸੰਦ ਗਤੀਵਿਧੀ ਦਹੀਂ ਹਾਂਡੀ ਕਰਵਾਈ ਗਈ, ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਅੰਤ ਵਿੱਚ ਸਕੂਲ ਦੇ ਵਾਈਸ ਪ੍ਰਿੰਸੀਪਲ ਮੈਡਮ ਸੋਨੀਆ ਨੇ ਬੱਚਿਆਂ ਨੂੰ ਕ੍ਰਿਸ਼ਨ ਜਨਮ ਅਸ਼ਟਮੀ ਦੀ ਮਹੱਤਤਾ ਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਕੂਲ ਦੇ ਅਧਿਆਪਕਾਂ ਮੈਡਮ ਪੂਨਮ ਸ਼ਰਮਾ, ਮੈਡਮ ਰਾਬੀਆ, ਮੈਡਮ ਮਨਜੀਤ ਕੌਰ, ਮੈਡਮ ਪੂਜਾ ਸ਼ਰਮਾ, ਮੈਡਮ ਪੂਨਮ ਤਨੇਜਾ, ਮੈਡਮ ਏਕਤਾ ਅਤੇ ਸਰ ਕੁਲਦੀਪ ਕੁਮਾਰ ਨੇ ਆਪਣਾ ਯੋਗਦਾਨ ਪਾਇਆ।

ਸ੍ਰੀ ਮੁਕਤਸਰ ਸਾਹਿਬ

**ਮੱਖੂ (ਰਛਪਾਲ ਸਿੰਘ ਸੰਧੂ)** : ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮਖੂ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਛੋਟੇ-ਛੋਟੇ ਬੱਚਿਆਂ ਨੇ ਰੰਗ-ਬਰੰਗੀਆਂ ਪੁਸ਼ਾਕਾਂ ਵਿੱਚ ਰਾਧਾ-

ਮਖੂ

ਕ੍ਰਿਸ਼ਨ ਦੀਆਂ ਝਾਕੀਆਂ ਪੇਸ਼ ਕੀਤੀਆਂ। ਸ੍ਰੀ ਰਾਧਾ ਕ੍ਰਿਸ਼ਨ ਤੋਂ ਇਲਾਵਾ ਬੱਚਿਆਂ ਨੇ ਵਾਸੂਦੇਵ, ਦੇਵਕੀ, ਗਊਆਂ ਡਾ. ਰਜੀਵ ਅਹੂਜਾ ਵੱਲੋਂ ਸ੍ਰੀ ਕ੍ਰਿਸ਼ਨ ਜੀ ਬਾਰੇ ਜਾਣਕਾਰੀ ਦਿੱਤੀ ਅਤੇ ਗੀਤਾ-ਸਾਰ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਦਿੱਤੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਵਿਦਿਆਰਥੀਆਂ ਵੱਲੋਂ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਝਾਕੀਆਂ ਵੀ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮਖੂ ਦੇ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਵੱਲੋਂ ਪ੍ਰਬੰਧਕ ਕਮੇਟੀ, ਸਟਾਫ ਤੇ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ ਗਈਆਂ।

**ਜਗਰਾਓਂ (ਅਮਿਤ ਖੰਨਾ)** : ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਨਰਸਰੀ, ਐੱਲ. ਕੇ. ਜੀ. ਤੇ ਯੂ. ਕੇ. ਜੀ. ਦੇ ਵਿਦਿਆਰਥੀ ਬਹੁਤ ਹੀ ਸੁੰਦਰ 'ਰਾਧਾ' ਤੇ 'ਕ੍ਰਿਸ਼ਨ' ਦੀਆਂ ਪੁਸ਼ਾਕਾਂ ਵਿੱਚ ਸਜ ਕੇ ਆਏ ਤੇ ਉਹ ਬਹੁਤ ਹੀ ਖੂਬਸੂਰਤ ਲੱਗ ਰਹੇ ਸਨ। ਇਸ ਤਿਉਹਾਰ ਨੂੰ ਮਨਾਉਣ ਦੀ ਸ਼ੁਰੂਆਤ ਕ੍ਰਿਸ਼ਨ ਆਰਤੀ ਤੋਂ ਸਮੂਹ ਮੈਨੇਜਮੈਂਟ ਮੈਂਬਰਜ਼, ਪ੍ਰਿੰਸੀਪਲ ਮੈਡਮ ਤੇ ਸਮੂਹ ਸਟਾਫ ਦੁਆਰਾ ਕੀਤੀ ਗਈ। ਇਸ ਉਪਰੰਤ ਨੰਨ੍ਹੇ-ਮੁੰਨੇ ਬੱਚਿਆਂ ਦੁਆਰਾ ਰਾਧੇ ਕ੍ਰਿਸ਼ਨਾ ਦੀ ਰਾਸ ਲੀਲ੍ਹਾ 'ਤੇ ਅਧਾਰਤ ਡਾਂਸ ਪ੍ਰਫੋਰਮੈਂਸ ਕੀਤੀ ਗਈ। ਇਸ ਉਪਰੰਤ ਜਨਮ ਅਸ਼ਟਮੀ ਦਾ ਤਿਉਹਾਰ ਮਨਾਉਣ ਲਈ ਨੰਨ੍ਹੇ-ਮੁੰਨੇ ਬੱਚਿਆਂ ਦੁਆਰਾ ਪ੍ਰਿੰਸੀਪਲ ਮੈਡਮ ਮੈਨੇਜਮੈਂਟ ਤੇ ਆਪਣੇ ਅਧਿਆਪਕਾਂ ਨਾਲ ਮਿਲ ਕੇ 'ਮਟਕੀ ਤੋੜਨ' ਦੀ ਰਸਮ ਕੀਤੀ ਗਈ ਤੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਜੀ, ਸਮੂਹ ਮੈਨੇਜਮੈਂਟ, ਜਿਸ ਵਿੱਚ

ਜਗਰਾਓਂ

ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ਜ਼ਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਟਰ ਸ਼ਾਮ ਸੁੰਦਰ ਭਾਰਦਵਾਜ ਤੇ ਜਨਰਲ ਸੈਕਰੇਟਰੀ ਅੰਜੂ ਬਾਲਾ ਸਮੂਹ ਅਧਿਆਪਕਾਂ ਤੇ ਬੱਚਿਆਂ ਨੂੰ ਜਨਮ ਅਸ਼ਟਮੀ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਅੰਤ ਵਿੱਚ ਬੱਚਿਆਂ ਨੂੰ 'ਜਨਮ ਅਸ਼ਟਮੀ' ਦੇ ਇਸ ਖਾਸ ਤਿਉਹਾਰ ਲਈ ਪ੍ਰਸ਼ਾਦਿ ਵੰਡਿਆ ਗਿਆ।

# ਸਕੂਲ ਆਫ ਐਮੀਨੈਂਸ ਦਾ 13 ਨੂੰ ਕੇਜਰੀਵਾਲ ਕਰਨਗੇ ਉਦਘਾਟਨ

**ਚੰਡੀਗੜ੍ਹ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 13 ਸਤੰਬਰ ਨੂੰ ਸਕੂਲ ਆਫ ਐਮੀਨੈਂਸ ਦਾ ਉਦਘਾਟਨ ਕਰਨ ਲਈ ਪੰਜਾਬ ਆਉਣਗੇ। ਇਸ ਸਮਾਗਮ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ ਵੀ ਨਾਲ ਹੋਣਗੇ। ਇਹ ਸਮਾਗਮ ਅੰਮ੍ਰਿਤਸਰ 'ਚ ਹੋਵੇਗਾ। ਇਸ ਦੇ ਨਾਲ ਹੀ 14 ਅਤੇ 15 ਸਤੰਬਰ ਨੂੰ ਵਪਾਰਕ ਮੀਟਿੰਗ ਹੋਵੇਗੀ। 14 ਸਤੰਬਰ ਨੂੰ ਅੰਮ੍ਰਿਤਸਰ ਅਤੇ ਜਲੰਧਰ 'ਚ ਕਾਰੋਬਾਰੀ ਮੀਟਿੰਗ ਹੋਵੇਗੀ। 15 ਸਤੰਬਰ ਨੂੰ ਲੁਧਿਆਣਾ ਅਤੇ ਮੋਹਾਲੀ 'ਚ ਮੀਟਿੰਗ ਹੋਵੇਗੀ। ਕਾਰੋਬਾਰੀ ਮੀਟਿੰਗ ਵਪਾਰ ਅਤੇ ਉਦਯੋਗ ਨਾਲ ਕੀਤੇ ਵਾਅਦਿਆਂ ਦੇ ਸੰਬੰਧ 'ਚ ਹੁਣ ਤੱਕ ਕੀ ਹੋਇਆ, ਇਸ ਬਾਰੇ ਜਾਣਕਾਰੀ ਦੇਣਗੇ। ਜੇਕਰ ਕਿਸੇ ਬਦਲਾਅ ਦੀ ਲੋੜ ਪਈ ਤਾਂ ਨੀਤੀ 'ਚ ਇਸ ਬਾਰੇ ਚਰਚਾ ਕੀਤੀ ਜਾਵੇਗੀ। ਸਭ ਤੋਂ ਪਹਿਲਾਂ ਸੂਬੇ 'ਚ ਸਕੂਲ ਆਫ ਐਮੀਨੈਂਸ ਸ਼ੁਰੂ ਕਰਨ ਦੀ ਯੋਜਨਾ ਹੈ, ਜਿਸ ਤਹਿਤ 13 ਸਤੰਬਰ ਨੂੰ ਪਹਿਲਾ ਸਕੂਲ ਆਫ ਐਮੀਨੈਂਸ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅਜਿਹੇ ਸਕੂਲਾਂ ਦੀ ਸਥਾਪਨਾ ਲਈ 68 ਕਰੋੜ ਰੁਪਏ ਦਾ ਫੰਡ ਜਾਰੀ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਕੂਲਾਂ ਦਾ ਰੂਪ ਬਦਲਣ ਲਈ ਪੰਜਾਬ ਭਰ ਦੇ ਸਕੂਲਾਂ 'ਚ 10,000 ਕਲਾਸ ਰੂਮ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ 'ਚ ਨਵੀਂ ਕਿਸਮ ਦਾ ਫਰਨੀਚਰ ਉਪਲੱਬਧ ਕਰਵਾਇਆ ਜਾਵੇਗਾ। ਮਾਨ ਨੇ ਦੱਸਿਆ ਕਿ ਇਸ ਤੋਂ ਇਲਾਵਾ ਸੂਬੇ 'ਚ ਇੱਕ ਹਜ਼ਾਰ ਨਵੇਂ ਕਲਾਸ ਰੂਮ ਬਣਾਏ ਜਾ ਰਹੇ ਹਨ। ਸੂਬਾ ਸਰਕਾਰ ਵੱਲੋਂ ਦੇਸ਼-ਵਿਦੇਸ਼ ਦੀਆਂ ਨਾਮਵਰ ਵਿੱਦਿਅਕ ਸੰਸਥਾਵਾਂ 'ਚ ਸਿਖਲਾਈ ਲਈ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੇ ਬੈਚ ਭੇਜੇ ਜਾ ਰਹੇ ਹਨ, ਤਾਂ ਜੋ ਉਹ ਆਧੁਨਿਕ ਅਧਿਆਪਨ ਤਕਨੀਕਾਂ ਸਿੱਖ ਸਕਣ।

# ਗੁਰਵਿੰਦਰ ਸਿੰਘ ਢੋਟ ਨੇ ਜ਼ਿਲ੍ਹੇ ਦਾ ਨਾਂਅ ਕੀਤਾ ਰੌਸ਼ਨ

## ਕੈਨੇਡਾ ਪੁਲਸ 'ਚ ਬਤੌਰ ਕੋਰੈਕਸ਼ਨਲ ਅਫ਼ਸਰ ਹੋਈ ਨਿਯੁਕਤੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ੀਰਾ ਰੋਡ 'ਤੇ ਸਥਿਤ ਪਿੰਡ ਭੂੰਮਣੀ ਵਾਲਾ ਦੇ ਜੰਮਪਲ ਹੋਣਹਾਰ ਨੌਜਵਾਨ ਗੁਰਵਿੰਦਰ ਸਿੰਘ ਢੋਟ ਦੀ ਬ੍ਰਿਟਿਸ਼ ਕੋਲੰਬੀਆ ਪੁਲਸ ਵਿੱਚ ਬਤੌਰ ਕੋਰੈਕਸ਼ਨਲ ਅਫ਼ਸਰ ਨਿਯੁਕਤੀ ਹੋਣ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਦੱਸਣਯੋਗ ਹੈ ਕਿ ਗੁਰਵਿੰਦਰ ਸਿੰਘ ਉਚੇਰੀ ਸਿੱਖਿਆ ਹਾਸਲ ਕਰਨ ਲਈ ਤਰਕੀਬਨ 6 ਸਾਲ ਪਹਿਲਾਂ ਕੈਨੇਡਾ ਗਿਆ।ਗੁਰਵਿੰਦਰ ਸਿੰਘ ਦੇ ਪਿਤਾ ਪ੍ਰੀਤਮ ਸਿੰਘ ਆਪਣੇ ਪਿੰਡ ਖੇਤੀਬਾੜੀ ਕਰਦੇ ਹਨ ਤੇ ਉਨ੍ਹਾਂ ਦਾ ਭਰਾ ਪਾਵਰਕਾਮ ਵਿਚ ਬਤੌਰ ਜੇਈ ਸੇਵਾਵਾਂ ਨਿਭਾ ਰਿਹਾ ਹੈ।ਗੁਰਵਿੰਦਰ ਸਿੰਘ ਦੇ ਮਾਤਾ-ਪਿਤਾ ਆਪਣੇ ਹੋਣਹਾਰ ਪੁੱਤਰ ਦੀ ਨਿਯੁਕਤੀ 'ਤੇ ਬਹੁਤ ਖੁਸ਼ ਹਨ।ਪਿੰਡ ਵਾਸੀਆਂ ਤੇ ਸੱਜਣਾਂ-ਮਿੱਤਰਾਂ ਨੇ ਵੀ ਇਸ ਨਿਯੁਕਤੀ 'ਤੇ ਪੂਰੇ ਪਰਵਾਰ ਨੂੰ ਵਧਾਈ ਦਿੱਤੀ।ਇਸ ਮੌਕੇ ਐੱਸਡੀਓ ਕੁਲਦੀਪ ਸਿੰਘ, ਜੇਈ ਨਿਤਿਨ ਕੁਮਾਰ, ਜੇਈ ਮਨਜੀਤ ਸਿੰਘ, ਰਵੀ ਸ਼ਰਮਾ, ਸਰਪੰਚ ਬਲਵਿੰਦਰ ਕੁਮਾਰ ਕੱਕੜ, ਮਾਸਟਰ ਈਸ਼ਵਰ ਸ਼ਰਮਾ, ਮਾਸਟਰ ਕੁਲਵੰਤ ਸਿੰਘ, ਮਾਸਟਰ ਕਸ਼ਮੀਰ ਸਿੰਘ ਤੇ ਸੁਰਜੀਤ ਸਿੰਘ ਨੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਢੋਟ ਪਰਵਾਰ ਨੂੰ ਵਧਾਈ ਦਿੱਤੀ ਹੈ।

# ਕਿਸਾਨੀ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸੀ.ਪੀ.ਆਈ (ਐਮ) ਤਹਿਸੀਲ ਕਮੇਟੀ ਵੱਲੋਂ ਸੂਬਾ ਕਮੇਟੀ ਮੈਂਬਰ ਕਾਮਰੇਡ ਮੇਜਰ ਸਿੰਘ ਪੁੰਨਾਂਵਾਲ ਦੀ ਅਗਵਾਈ ਹੇਠ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਇੱਕ ਮੰਗ ਪੱਤਰ ਐੱਸ.ਡੀ.ਐੱਮ ਰਾਹੀਂ ਭੇਜਣ ਲਈ ਉਨ੍ਹਾਂ ਦੇ ਦਫ਼ਤਰੀ ਨੁਮਾਇੰਦੇ ਨੂੰ ਸੌਂਪਿਆ ਗਿਆ।

ਇਸ ਮੌਕੇ ਕਾਮਰੇਡ ਮੁਸਤਾਕ ਖਾਂ ਭਸੌੜ, ਸੁਖਵੰਤ ਸਿੰਘ ਗੁੱਡੂ ਭਸੌੜ, ਬਾਬੂ ਸਿੰਘ, ਅਮਰੀਕ ਸਿੰਘ ਕਾਂਝਲਾ ਤੇ ਦਲਵਾਰਾ ਸਿੰਘ ਬੇਨੜਾ ਵੀ ਹਾਜ਼ਰ ਸਨ। ਕਾਮਰੇਡ ਮੇਜਰ ਸਿੰਘ ਪੁੰਨਾਂਵਾਲ ਨੇ ਮੰਗ ਪੱਤਰ ਵਿੱਚ ਦਰਜ 8 ਨੁਕਤਿਆਂ ਬਾਰੇ ਹੜਾਂ ਕਾਰਨ ਨੁਕਸਾਨ ਦੀ ਭਰਪਾਈ ਲਈ 20 ਲੱਖ ਰੁਪਏ ਪ੍ਰਤੀ ਵਿਅਕਤੀ, ਦੁਧਾਰੂ ਪਸ਼ੂਆਂ ਲਈ ਇੱਕ ਲੱਖ ਰੁਪਏ ਪ੍ਰਤੀ ਪਸ਼ੂ ਤੇ ਫ਼ਸਲਾਂ ਦੇ ਨੁਕਸਾਨ ਲਈ 50 ਹਜਾਰ ਰੁਪਏ ਪ੍ਰਤੀ ਏਕੜ ਅਤੇ ਅਗਲੇ ਸਾਲ ਲਈ ਫ਼ਸਲ ਨਾ ਬੀਜ ਸਕਣ ਵਾਲੇ ਕਿਸਾਨਾਂ ਲਈ ਇੱਕ ਲੱਖ ਰੁਪਏ ਏਕੜ ਮੁਆਵਜ਼ੇ ਦੀ ਮੰਗ ਕੀਤੀ ਗਈ। ਉਨ੍ਹਾਂ ਸਰਕਾਰੀ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਖਤਮ ਕਰਨ ਦੀ ਮੰਗ ਕਰਦਿਆਂ ਨਸ਼ਿਆਂ ਦੇ ਹੜ ਨੂੰ ਰੋਕਣ, ਮਹਿੰਗਾਈ ਨੂੰ ਠੱਲ੍ਹਣ, 14 ਜ਼ਰੂਰੀ ਵਸਤਾਂ ਸਰਕਾਰੀ ਡਿਪੂਆਂ ਰਾਹੀਂ ਦੇਣ, ਸਿਹਤ ਸਹੂਲਤਾਂ ਦੇਣ ਲਈ ਪੁਰਾਣਾ ਸਿਸਟਮ ਬਹਾਲ ਕਰਨ, ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ ਜਾਂ 5000 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦੇਣ, ਵਿੱਦਿਆ ਘਰ ਘਰ ਦੇਣ ਲਈ ਲੋੜੀਂਦਾ ਸਾਜੋ ਸਮਾਨ ਦੇਣ ਅਤੇ ਵਜ਼ੀਫ਼ੇ ਦੇਣ ਤੇ ਪ੍ਰਾਈਵੇਟ ਸਕੂਲਾਂ ਦੀਆਂ ਫ਼ੀਸਾਂ 'ਤੇ ਨੱਥ ਪਾਉਣ ਅਤੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਤੇ ਵਧਾਇਆ ਵੈਟ ਵਾਪਸ ਲੈਣ ਦੀ ਮੰਗ ਕੀਤੀ ਗਈ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਤਲਵੰਡੀ ਸਾਬੋ।
ਮਿਸਲ ਨੰ: 287/ਰੀਡਰ-2, ਰਜੂਆ : 19.9.2022
ਅਨੁਵਾਨ ਕੇਸ ਤਕਸੀਮ
ਬਲਵੀਰ ਸਿੰਘ ਪੁੱਤਰ ਗਮਦੂਰ ਸਿੰਘ ਪੁੱਤਰ ਰਾਮ ਸਿੰਘ ਵਾਸੀਆਨ ਅਮਰਪੁਰਾ ਉਰਫ ਗੁਰਥੜੀ, ਤਹਿ: ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ। ਸਾਇਲਾਨ
ਬਨਾਮ-ਉਮਾ ਸਿੰਘ ਪੁੱਤਰ ਘੁੱਕੇ ਪੁੱਤਰੀ ਕਿਰਪਾਲ ਸਿੰਘ ਵਾਸੀਆਨ ਅਮਰਪੁਰਾ ਉਰਫ ਗੁਰਥੜੀ, ਤਹਿ: ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ। ਮੈਸੂਲਇਲਮ
ਦਰਖਾਸਤ ਬਾਬਤ ਕੀਤੇ ਜਾਣੇ ਤਕਸੀਮ ਅਰਾਜੀ ਤਦਾਦੀ 18 ਕਨਾਲ 1 ਮਰਲੇ ਖੇਵਟ ਨੰਬਰ 13 ਖਤੌਨੀ ਨੰਬਰ 14 ਤੋਂ 17 ਵਾਕਿਆ ਰਕਬਾ ਪਿੰਡ ਅਮਰਪੁਰਾ ਉਰਫ ਗੁਰਥੜੀ ਤਹਿ: ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਮੁਤਾਬਕ ਜਮ੍ਹਾਂਬੰਦੀ 2017-18
ਉਪਰੋਕਤ ਦਰਜ ਕੇਸ ਅਨੁਵਾਨ ਵਿੱਚ ਰੈਸਪਾਡੈਂਟ ਨੰਬਰ 1. ਉਮਾ ਸਿੰਘ ਪੁੱਤਰ ਘੁੱਕੇ ਪੁੱਤਰੀ ਕਿਰਪਾਲ ਸਿੰਘ 20. ਸੁਖਮੰਦਰ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਰੂੜ ਸਿੰਘ ਵਾਸੀ ਸੇਖੂ, ਤਹਿ: ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ 2. ਜੀਤਾ ਪੁੱਤਰੀ ਘੁੱਕੇ ਪੁੱਤਰੀ ਕਿਰਪਾਲ ਸਿੰਘ ਵਾਸੀ ਜੰਗੀਰਾਣਾ ਜ਼ਿਲ੍ਹਾ ਬਠਿੰਡਾ 3. ਪਾਸੋ ਪੁੱਤਰੀ ਘੁੱਕੇ ਪੁੱਤਰੀ ਕਿਰਪਾਲ ਸਿੰਘ ਵਾਸੀ ਭੈਣੀ ਚੂਹੜ ਜ਼ਿਲ੍ਹਾ ਮਾਨਸਾ 4. ਬੀਰੀ 5. ਮੂਰਤੀ ਪੁੱਤਰੀਆਂ ਕਿਰਪਾਲ ਸਿੰਘ ਪੁੱਤਰ ਬਦਨ ਸਿੰਘ ਵਾਸੀਆਨ ਰੁੱਘੂਆਣਾ, ਤਹਿ: ਭੱਖਵਾਲੀ, ਜ਼ਿਲ੍ਹਾ ਸਿਰਸਾ 6. ਸੀਤੋ ਉਰਫ ਸੁਰਜੀਤ ਕੌਰ ਪਤਨੀ ਸੁਖਦੇਵ ਸਿੰਘ ਪੁੱਤਰ ਰਾਮ ਸਿੰਘ 7. ਰਾਮ ਸਿੰਘ ਪੁੱਤਰ ਮੇਹਰ ਸਿੰਘ ਪੁੱਤਰ ਪ੍ਰਤਾਪ ਸਿੰਘ 12. ਹਰਬੰਸ ਕੌਰ ਮਾਤਾ ਗੁਰਵਿੰਦਰ ਸਿੰਘ ਪੁੱਤਰ ਹਰਦੇਵ 13. ਜਗਵਿੰਦਰ ਸਿੰਘ ਪੁੱਤਰ ਹਰਦੇਵ ਸਿੰਘ ਪੁੱਤਰ ਰਾਮ ਸਿੰਘ 15. ਗੁਰਵਿੰਦਰ ਸਿੰਘ ਪੁੱਤਰ ਸੁਖਵੀਰ ਸਿੰਘ ਪੁੱਤਰ ਕਾਕਾ ਸਿੰਘ 16. ਭਰਪੂਰ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਮੇਹਰ ਸਿੰਘ 20. ਯਾਦਵਿੰਦਰ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਮੇਹਰ ਸਿੰਘ 23. ਸਿਮਰਜੀਤ ਸਿੰਘ ਪੁੱਤਰ ਹਰਦੇਵ ਸਿੰਘ ਪੁੱਤਰ ਤੋਤਾ ਸਿੰਘ 26. ਜਸਵਿੰਦਰ ਸਿੰਘ ਪੁੱਤਰ ਤੇਜ ਸਿੰਘ ਪੁੱਤਰ ਜਿਉਣ ਸਿੰਘ 27. ਸੰਜੇ ਕੁਮਾਰ ਪੁੱਤਰ ਵਿਜੈ ਕੁਮਾਰ ਪੁੱਤਰ ਹੰਸ ਰਾਜ 28. ਦੀਪਕ ਕੁਮਾਰ ਪੁੱਤਰ ਸੁਸ਼ੀਲ ਕੁਮਾਰ ਪੁੱਤਰ ਰਾਜ ਕੁਮਾਰ 29. ਧਰਮ ਪਾਲ ਸਿੰਘ ਪੁੱਤਰ ਸ਼ਿਵਚਰਨ ਸਿੰਘ ਪੁੱਤਰ ਸਾਧੂ ਸਿੰਘ 30. ਜਗਜੀਤ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਪ੍ਰੀਤਮ ਸਿੰਘ 31. ਕਸ਼ਿਸ਼ ਬਾਂਸਲ 32. ਦੀਪਕ ਬਾਂਸਲ 33. ਰੋਬਿਨ ਬਾਂਸਲ ਪੁੱਤਰਾਨ ਸੁਸ਼ੀਲ ਕੁਮਾਰ ਪੁੱਤਰ ਰਾਜ ਕੁਮਾਰ ਪੁੱਤਰ ਚਾਨਣ ਰਾਮ 34. ਬਿਰਜ ਭੂਸ਼ਨ ਪੁੱਤਰ ਰਾਜ ਕੁਮਾਰ ਪੁੱਤਰ ਚਾਨਣ ਰਾਮ 35. ਰਾਜਿੰਦਰ ਕੁਮਾਰ ਪੁੱਤਰ ਸਤਪਾਲ ਪੁੱਤਰ ਬੁੱਧ ਰਾਮ ਵਾਸੀਆਨ ਅਮਰਪੁਰਾ ਉਰਫ ਗੁਰਥੜੀ 21. ਸੁਸ਼ਮਾ ਰਾਣੀ ਪਤਨੀ ਵਿਨੋਦ ਕੁਮਾਰ ਪੁੱਤਰ ਦੇਸ ਰਾਜ ਵਾਸੀ ਚੌਟਾਲਾ ਰੋਡ, ਸਰਕਾਰੀ ਹਸਪਤਾਲ ਵਾਲੀ ਗਲੀ, ਦੁਕਾਨ ਨੰ: 32, ਭੱਖਵਾਲੀ ਜ਼ਿਲ੍ਹਾ ਸਿਰਸਾ 8. ਹਰਬੰਸ ਸਿੰਘ 9. ਗੁਰਜੰਟ ਸਿੰਘ ਪੁੱਤਰਾਨ ਭਗਵਾਨ ਸਿੰਘ ਪੁੱਤਰ ਮੇਹਰ ਸਿੰਘ 37. ਗੁਰਪ੍ਰੀਤ ਸਿੰਘ ਪੁੱਤਰ ਗੁਰਜੰਟ

8-Sep-PAGE-3.qxd 9/7/2023 11:13 PM Page 1



# ਆਧੁਨਿਕ ਸਹੂਲਤਾਂ ਨਾਲ ਲੈਸ ਨਵਾਂ ਬੱਸ ਸਟੈਂਡ ਜਲਦ ਹੀ ਕੀਤਾ ਜਾਵੇਗਾ ਲੋਕ ਅਰਪਣ : ਚੇਅਰਮੈਨ ਸ਼ਰਮਾ

**ਗੁਰਦਾਸਪੁਰ (ਜਨਕ ਮਹਾਜਨ)**- ਬਾਬਾ ਬੰਦਾ ਸਿੰਘ ਬਹਾਦਰ ਇੰਟਰਸਟੇਟ ਬੱਸ ਸਟੈਂਡ ਜਲਦੀ ਹੀ ਗੁਰਦਾਸਪੁਰ ਵਾਸੀਆਂ ਨੂੰ ਸਮਰਪਣ ਹੋ ਰਿਹਾ ਹੈ। ਗੁਰਦਾਸਪੁਰ ਸ਼ਹਿਰ ਸਥਿਤ ਤਿਬੜੀ ਰੋਡ 'ਤੇ ਪੈਂਦੀ ਨਗਰ ਸੁਧਾਰ ਟਰੱਸਟ ਦੀ ਸਕੀਮ ਨੰਬਰ 7 ਵਿਚ ਆਧੁਨਿਕ ਕਿਸਮ ਦੀਆਂ ਸਹੂਲਤਾਂ ਨਾਲ ਲੈਸ ਬੱਸ ਸਟੈਂਡ ਲਗਭਗ ਤਿਆਰ ਹੋ ਚੁਕਿਆ ਹੈ ਜਿਸ ਦਾ 95 ਫ਼ੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ 5 ਫ਼ੀਸਦੀ ਰਹਿੰਦਾ ਕੰਮ ਵੀ ਜਲਦੀ ਮੁਕੰਮਲ ਹੋ ਕੇ ਇਸ ਦਾ ਉਦਘਾਟਨ ਜਲਦ ਹੀ ਕੀਤਾ ਜਾਵੇਗਾ। ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਇਸ ਬੱਸ ਸਟੈਂਡ ਦੇ ਬਣਨ ਨਾਲ ਗੁਰਦਾਸਪੁਰ ਅਤੇ ਆਲੇ ਦੁਆਲੇ ਪਿੰਡਾਂ ਨੂੰ ਬਹੁਤ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਨਾਲ ਗੁਰਦਾਸਪੁਰ ਸ਼ਹਿਰ ਅੰਦਰ ਟਰੈਫ਼ਿਕ ਦਾ ਬੋਝ ਕਾਫ਼ੀ ਹੱਦ ਤੱਕ ਘਟ ਜਾਵੇਗਾ। ਹੁਣ ਮੁਕੇਰੀਆਂ, ਅੰਮ੍ਰਿਤਸਰ, ਪਠਾਨਕੋਟ ਤੋਂ ਇਲਾਵਾ ਹੋਰ ਕਸਬਿਆਂ ਦੀਆਂ ਮਿੰਨੀ ਬੱਸਾਂ ਵੀ ਸ਼ਹਿਰ ਦੇ ਬਾਹਰ ਵਾਰ ਬਾਈਪਾਸ ਸਥਿਤ ਇਸ ਬੱਸ ਸਟੈਂਡ ਰਾਹੀਂ ਆਉਣ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਬੱਸ ਸਟੈਂਡ ਦਾ ਟੈਂਡਰ 2021 ਵਿਚ ਹੋਇਆ ਸੀ ਅਤੇ ਇਕ ਸਾਲ ਇਸ ਦੇ ਕੰਮ ਨੂੰ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਸੀ ਪਰ ਠੇਕੇਦਾਰ ਵਲੋਂ ਇਸ ਕੰਮ ਨੂੰ ਸਮੇਂ ਸਿਰ ਨੇਪਰੇ ਨਹੀਂ ਚਾੜ੍ਹਿਆ ਗਿਆ ਜਿਸ ਕਾਰਨ ਇਹ ਲੋਕ ਅਰਪਣ ਨਹੀਂ ਹੋ ਸਕਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ 10 ਅਪ੍ਰੈਲ ਨੂੰ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਣ ਉਪਰੰਤ ਬੱਸ ਸਟੈਂਡ ਦੇ ਆਧੂਰੇ ਪਏ ਕੰਮ ਨੂੰ ਸਭ ਤੋਂ ਜ਼ਿਆਦਾ ਪਹਿਲ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਜਿਸ ਵੇਲੇ ਉਨ੍ਹਾਂ ਚਾਰਜ ਸੰਭਾਲਿਆ ਉਸ ਸਮੇਂ ਬੱਸ ਸਟੈਂਡ ਦਾ ਲਗਭਗ 50 ਫ਼ੀਸਦੀ ਕੰਮ ਮਕੰਮਲ ਹੋਇਆ ਸੀ ਜਦਕਿ ਹਣ ਪੰਜਾਬ ਸਰਕਾਰ ਦੇ ਮੰਤਰੀਆਂ ਅਤੇ ਉਚ ਅਧਿਕਾਰੀਆਂ ਕੋਲ ਪਹੁੰਚ ਕਰਕੇ ਹੋਰ ਬਜਟ ਲੈ ਕੇ ਥੋੜ੍ਹੇ ਸਮੇਂ ਵਿਚ ਹੀ 95 ਫ਼ੀਸਦੀ ਕੰਮ ਮੁਕੰਮਲ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਬੱਸ ਸਟੈਂਡ ਦੀ ਉਸਾਰੀ ਲਈ ਦਿਨ ਰਾਤ ਮਿਹਨਤ ਕੀਤੀ ਗਈ ਜਿਸ ਕਰਕੇ ਇਹ ਕੰਮ ਹੁਣ ਲਗਭਗ ਪੂਰਾ ਹੋ ਚੁੱਕਾ ਹੈ। ਇਸ ਬੱਸ ਸਟੈਂਡ ਤੋਂ ਰੋਜ਼ਾਨਾ 300 ਤੋਂ 350 ਬੱਸਾਂ ਦਾ ਆਉਣਾ ਜਾਣਾ ਲੱਗਾ ਰਹੇਗਾ ਅਤੇ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਇਸ ਬੱਸ ਸਟੈਂਡ ਤੋਂ ਦਿੱਲੀ ਏਅਰਪੋਰਟ ਲਈ ਵੀ ਇਕ ਵਾਲਵੋ ਬੱਸ ਚਲਾਈ ਜਾਵੇਗੀ। ਇਸ ਤੋਂ ਇਲਾਵਾ ਗੁਰਦਾਸਪੁਰ ਤੋਂ ਦਿੱਲੀ ਵਰਗੇ ਸ਼ਹਿਰ ਨੂੰ ਵੱਖਰੀ ਬੱਸ ਚਲਾਈ ਜਾਵੇਗੀ। ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਇਹ ਬੱਸ ਸਟੈਂਡ 5 ਏਕੜ ਜ਼ਮੀਨ ਵਿਚ ਬਣਿਆ ਹੈ ਅਤੇ ਇਸ ਬੱਸ ਸਟੈਂਡ ਦੇ ਆਲਾ ਦੁਆਲੇ 1500 ਬੂਟੇ ਲਗਾਏ ਗਏ ਹਨ ਅਤੇ ਇਥੇ ਪਹਿਲਾਂ ਤੋਂ ਬਣੀ ਗੁਰੂ ਨਾਨਕ ਬਗ਼ੀਚੀ ਦੀ ਵੀ ਸਾਂਭ ਸੰਭਾਲ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਇਥੇ ਯਾਤਰੀਆਂ ਦੀ ਸਹੂਲਤ ਵਾਸਤੇ ਦੋ ਬਾਥਰੂਮ ਅਤੇ ਸਾਫ਼ ਪਾਣੀ ਪੀਣ ਲਈ ਦੋ ਵਾਟਰਕੂਲਰਾਂ ਦਾ ਖ਼ਾਸ ਪ੍ਰਬੰਧ ਹੈ ਜਿਨ੍ਹਾਂ ਨਾਲ ਆਰ.ਓ. ਵੀ ਫਿੱਟ ਹੋਣਗੇ। ਉਨ੍ਹਾਂ ਦੱਸਿਆ ਕਿ ਇਥੇ ਯਾਤਰੀਆਂ ਦੇ ਠਹਿਰਨ ਲਈ ਅੱਠ ਗੈਸਟ ਰੂਮ ਅਤੇ ਡਰਾਈਵਰਾਂ ਅਤੇ ਕੰਡਕਟਰਾਂ ਦੇ ਠਹਿਰਨ ਲਈ ਵੀ ਵੱਡੇ-ਵੱਡੇ ਹਾਲ ਅਤੇ ਕਮਰੇ ਬਣਾਏ ਗਏ ਹਨ। ਸੀਨੀਅਰ ਸਿਟੀਜ਼ਨ ਦੀ ਸਹੂਲਤ ਵਾਸਤੇ ਵੀਲ੍ਹ ਚੇਅਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਬੱਸ ਸਟੈਂਡ ਵਿਚ ਯਾਤਰੀਆਂ ਲਈ ਅੱਠ ਬੂਥ/ਕੈਫੇ, ਇਕ ਰੈਸਟੋਰੈਂਟ, ਇਕ ਡਿਸਪੈਂਸਰੀ/ਵੇਰਕਾ ਮਿਲਕ ਫੈਡ ਬੂਥ ਅਤੇ ਮਾਰਕ ਫੈਡ ਬੂਥ ਆਦਿ ਬਣਾਏ ਗਏ ਹਨ। ਪਬਲਿਕ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ ਇਥੇ ਇਕ ਪੁਲਿਸ ਚੌਕੀ ਵੀ ਬਣਾਈ ਜਾਵੇਗੀ। ਬੱਸ ਸਟੈਂਡ ਦੇ ਵਿਚ ਕਾਰ ਪਾਰਕਿੰਗ ਅਤੇ ਸਕੂਟਰ ਪਾਰਕਿੰਗ ਤੋਂ ਇਲਾਵਾ ਆਟੋ ਰਿਕਸ਼ਾ ਦਾ ਵੀ ਖ਼ਾਸ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬੱਸ ਸਟੈਂਡ 'ਤੇ 21 ਕਾਊਂਟਰ ਬਣਾਏ ਗਏ ਹਨ, ਜਿਨ੍ਹਾਂ 'ਤੇ ਵੱਖ-ਵੱਖ ਸਟੇਸ਼ਨਾਂ ਦੇ ਨਾਂਅ ਲਿਖੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਥੇ ਬੱਸ ਡਿਪੂ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਇਸ ਬੱਸ ਸਟੈਂਡ ਦੇ ਰੱਖ ਰਖਾਵ ਅਤੇ ਸਫ਼ਾਈ ਨੂੰ ਲੈ ਕੇ ਯੋਗ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਬੱਸ ਸਟੈਂਡ ਦੇ ਉਦਘਾਟਨ ਹੋਣ 'ਤੇ ਕੁਝ ਸਮਾਂ ਬਾਅਦ ਨਗਰ ਸੁਧਾਰ ਟਰੱਸਟ ਦੀਆਂ ਕੁਝ ਪ੍ਰਾਪਟੀਆਂ ਦੀ ਨਿਲਾਮੀ ਵੀ ਕੀਤੀ ਜਾਵੇਗੀ। ਇਸ ਮੌਕੇ ਟਰੱਸਟ ਇੰਜੀਨੀਅਰ ਰਾਜਬੀਰ ਸਿੰਘ, ਐਸ.ਡੀ.ਓ. ਹਰਮੀਤ ਸਿੰਘ, ਕਾਰਜਸਾਧਕ ਅਫ਼ਬਰ ਮਨੋਜ ਸ਼ਰਮਾ, ਸੁਰੇਸ਼ ਸ਼ਰਮਾ ਅਤੇ ਰਾਜ ਕੁਮਾਰ ਆਦਿ ਹਾਜ਼ਰ ਸਨ।

# ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਮਨਾਇਆ ਅਧਿਆਪਕ ਦਿਵਸ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)** - ਪੰਜਾਬ ਦੇ ਸ਼ਾਂਤੀ ਨਿਕੇਤਨ ਵਜੋਂ ਜਾਣੇ ਜਾਂਦੇ, ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਧਿਆਪਕ ਦਿਵਸ ਬਹੁਤ ਵੱਡੇ ਪੱਧਰ 'ਤੇ ਮਨਾਇਆ ਗਿਆ। ਇਸ ਸਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਅਤੇ ਜ਼ਿਲ੍ਹਾ ਗਾਈਡੈਂਸ ਦਫਤਰ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਏ ਸਮਾਗਮ ਵਿੱਚ ਜ਼ਿਲ੍ਹਾ ਸੈਸ਼ਨ ਕੋਰਟ ਤੋਂ ਜੱਜ ਸਾਹਿਬਾਨ ਸੁਮਿਤ ਭੱਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੁੱਖ ਮਹਿਮਾਨ ਭੱਲਾ ਇਸ ਦੌਰਾਨ ਕਾਲਜ ਕੈਂਪਸ ਅੰਦਰ ਸਥਾਪਤ ਵਿਰਾਸਤੀ ਲਾਇਬ੍ਰੇਰੀ, ਕਿਤਾਬਾਂ ਦੀਆਂ ਵੱਖ ਵੱਖ ਲਾਇਬ੍ਰੇਰੀਆਂ, ਵਿਦਿਆਰਥਣਾਂ ਦੇ ਸੁਚਾਰੂ ਪ੍ਰਬੰਧਾਂ ਅਤੇ ਕਾਲਜ ਦੀ ਕਾਰਜ ਪ੍ਰਣਾਲੀ ਦੇਖ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਉਹ ਵਿਦਿਆਰਥੀਆਂ ਦੀ ਸਾਦਗੀ, ਅਨੁਸ਼ਾਸਨ, ਹੱਥੀਂ ਕਿਰਤ ਕਰਨ ਤੋਂ ਬਹੁਤ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਕਾਲਜ ਦੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਸਾਹਿਬ ਵਰਗਾ ਸਾਦਾਪਨ, ਬੇਬਾਕਪੁਣਾ ਆਪਣੇ ਆਪ ਵਿੱਚ ਬਹੁਤ ਹੀ ਵਿਸ਼ੇਸ਼ ਹੈ। ਇਸ ਮੌਕੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਕਿਹਾ ਕਿ ਅਜਿਹੇ ਸਮਾਗਮ ਅਧਿਆਪਕ ਦਾ ਸਤਿਕਾਰ ਅਤੇ ਮਾਣ ਵਧਾਉਂਦੇ ਹਨ ਅਤੇ ਅਧਿਆਪਕ ਨੂੰ ਹੋਰ ਵੀ ਜ਼ਿੰਮੇਵਾਰ ਬਣਨ ਲਈ ਪ੍ਰੇਰਦੇ ਹਨ। ਉਨ੍ਹਾਂ ਕਿਹਾ ਸਾਡਾ ਮਕਸਦ ਪੰਜਾਬ ਵਿੱਚੋਂ ਨਕਲ ਨੂੰ ਬਿਲਕੁਲ ਖਤਮ ਕਰਨਾ ਹੈ। ਇਸ ਮੌਕੇ ਸਰਕਾਰੀ ਅਧਿਆਪਕ ਵਜੋਂ ਚੁਣੀਆਂ ਗਈਆਂ ਸੰਸਥਾ ਦੀਆਂ ਵਿਦਿਆਰਥਣਾਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਇਹ ਵੀ ਅਹਿਦ ਲਿਆ ਕਿ ਉਹ ਕਿਸੇ ਹਾਲਤ ਵਿੱਚ ਨਕਲ ਦੇ ਬੀਜ ਨੂੰ ਆਪਣੀ ਸੰਸਥਾ ਵਿੱਚ ਪੈਦਾ ਨਹੀਂ ਹੋਣ ਦੇਣਗੀਆਂ ਅਤੇ ਰਿਆੜਕੀ ਕਾਲਜ ਦੀ ਸੋਚ 'ਤੇ ਹਰ ਜਗ੍ਹਾ ਅਮਲੀ ਪਹਿਰਾ ਦੇਣਗੀਆਂ। ਇਸ ਮੌਕੇ ਜ਼ਿਲ੍ਹਾ ਗਾਈਡੈਂਸ ਕੌਂਸਲ ਅਧਿਕਾਰੀ ਪਰਮਿੰਦਰ ਸਿੰਘ ਸੈਣੀ ਦਾ ਵੀ ਵਿੱਦਿਅਕ ਖੇਤਰ ਅਤੇ ਸਮਾਜਕ ਖੇਤਰ ਵਿੱਚ ਕੀਤੇ ਸ਼ਾਨਦਾਰ ਕਾਰਜ ਕਰਕੇ ਸਨਮਾਨ ਕੀਤਾ ਗਿਆ। ਅਖੀਰ ਵਿੱਚ ਪ੍ਰਿੰਸੀਪਲ ਸਵਰਨ ਸਿੰਘ ਵਿਰਕ, ਗਗਨਦੀਪ ਸਿੰਘ ਵਿਰਕ ਅਤੇ ਸਟੂਡੈਂਟ ਕਮੇਟੀ ਵੱਲੋਂ ਹਰੇਕ ਸਨਮਾਨਤ ਅਧਿਆਪਕ ਨੂੰ ਦੁਸ਼ਾਲਾ, ਸਨਮਾਨ ਚਿੰਨ੍ਹ, ਸਨਮਾਨ ਪੱਤਰ ਅਤੇ ਸਿਰੋਪਾਉ ਨਾਲ ਸਨਮਾਨਤ ਕੀਤਾ ਗਿਆ।

# ਉਰਦੂ ਦੀ ਮੁੱਢਲੀ ਸਿਖਲਾਈ ਲਈ ਕਲਾਸਾਂ ਸ਼ੁਰੂ

**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**— ਪੰਜਾਬ ਸਰਕਾਰ ਵੱਲੋਂ ਉਰਦੂ ਭਾਸ਼ਾ ਤੇ ਸਾਹਿਤ ਦੀ ਪ੍ਰਫੁੱਲਤਾ ਅਤੇ ਪ੍ਰਸਾਰ ਲਈ ਬਣਾਈ ਗਈ ਪੰਜਾਬ ਉਰਦੂ ਅਕੈਡਮੀ ਵਲੋਂ ਉਰਦੂ ਦੀ ਮੁੱਢਲੀ ਪੜ੍ਹਾਈ ਕਰਾਉਣ ਲਈ ਉਰਦੂ ਕਲਾਸਾਂ ਸਰੂਪ ਰਾਣੀ ਸਰਕਾਰੀ ਕਾਲਜ ਅੰਮ੍ਰਿਤਸਰ ਵਿਖੇ ਸ਼ੁਰੂ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਦਿੰਦੇ ਡਾ. ਰਣਜੋਧ ਸਿੰਘ ਸਕੱਤਰ ਉਰਦੂ ਅਕੈਡਮੀ ਨੇ ਦੱਸਿਆ ਕਿ ਉਕਤ ਕਲਾਸ ਸ਼ਾਮ 3:00 ਵਜੇ ਤੋਂ 4:00 ਵਜੇ ਤੱਕ ਕਾਲਜ ਵਿੱਚ ਚਲਦੀ ਹੈ ਅਤੇ ਇਸ ਕੋਰਸ ਵਿੱਚ ਆਮ ਕਾਰੋਬਾਰੀ ਵਿਅਕਤੀ, ਘਰੇਲੂ ਕੰਮ ਕਰਨ ਵਾਲਾ, ਸਰਕਾਰੀ, ਗੈਰ-ਸਰਕਾਰੀ ਵਿਅਕਤੀ ਮੁਫ਼ਤ ਦਾਖਲਾ ਲੈ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਜਿਥੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਤਨਦੇਹੀ ਨਾਲ ਯਤਨ ਕਰ ਰਹੀ ਹੈ ਉਥੇ ਉਰਦੂ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਇਹ ਕੋਰਸ ਚਲਾ ਰਹੀ ਹੈ। ਉਰਦੂ ਕਲਾਸ ਲਈ ਉਮਰ ਦੀ ਕੋਈ ਸੀਮਾ ਨਹੀਂ ਹੈ। ਕਲਾਸ ਬਿਲਕੁੱਲ ਮੁਫ਼ਤ ਹੈ ਅਤੇ ਇਹ ਕੋਰਸ 6 ਮਹੀਨੇ ਦਾ ਹੋਵੇਗਾ।

ਮਾਰਚ ਵਿੱਚ ਇਸਦੀ ਪ੍ਰੀਖਿਆ ਲਈ ਜਾਵੇਗੀ ਅਤੇ ਪਾਸ ਵਿਦਿਆਰਥੀਆਂ ਨੂੰ ਅਕੈਡਮੀ ਵਲੋਂ ਉਰਦੂ ਕੋਰਸ ਦਾ ਸਰਟੀਫਿਕੇਟ ਦਿੱਤਾ ਜਾਵੇਗਾ।

## ਸਰਕਾਰੀਆ ਦੇ ਮੁੜ ਚੇਅਰਮੈਨ ਬਣਨ 'ਤੇ ਕੱਕੜ ਨੇ ਦਿੱਤੀ ਵਧਾਈ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਹਰਿਆਣਾ ਹਾਈਕੋਰਟ ਦੇ ਡਰ ਤੋਂ ਕਰਕੇ ਪੰਚਾਇਤਾਂ ਦੀ ਬਹਾਲੀ ਤੋਂ ਬਾਅਦ ਪੰਜਾਬ ਸਰਕਾਰ ਨੇ ਇੱਕ ਹੋਰ ਯੂ ਟਰਨ ਲੈਂਦਿਆਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਸਬੰਧੀ ਨੋਟੀਫ਼ਿਕੇਸ਼ਨ ਵਾਪਸ ਲੈ ਲਿਆ। ਜ਼ਿਲ੍ਹਾ ਪ੍ਰੀਸ਼ਦ ਬਹਾਲ ਹੋਣ ਤੇ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੇ ਦੁਬਾਰਾ ਚੇਅਰਮੈਨ ਬਣੇ ਦਿਲਰਾਜ ਸਰਕਾਰੀਆ ਨੂੰ ਪੰਜਾਬ ਦੇ ਸਾਬਕਾ ਮੰਤਰੀ ਅਤੇ ਹਲਕਾ ਰਾਜਾਸਾਂਸੀ ਦੇ ਮੌਜੂਦਾ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਦੇ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਵਧਾਈ ਦਿੰਦਿਆਂ ਕਿਹਾ ਕਿ ਸਰਕਾਰੀਆ ਨੇ ਜ਼ਿਲ੍ਹੇ ਦੇ ਸਾਰੇ ਪਿੰਡਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਵਿਕਾਸ ਕਾਰਜਾਂ ਲਈ ਦਿਲ ਖੋਲ੍ਹ ਕੇ ਗ੍ਰਾਂਟਾਂ ਵੰਡੀਆਂ ਹਨ।

## ਅਧਿਆਪਕ ਦਿਵਸ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੂਨਮ ਸੂਰੀ ਪ੍ਰਧਾਨ ਡੀਏਵੀ ਕਾਲਜ ਪ੍ਰਬੰਧਕ ਕਮੇਟੀ, ਡਾ. ਜੇ. ਪੀ. ਸੂਰ ਦੇ ਦਿਸ਼ਾ ਨਿਰਦੇਸ਼ਨ, ਚੇਅਰਮੈਨ ਮਹੇਸ਼ ਚੋਪੜਾ, ਡਾ. ਨੀਲਮ ਕਾਮਰਾ, ਸਕੂਲ ਮੈਨੇਜਰ ਨੀਰਾ ਸ਼ਰਮਾ ਅਤੇ ਜੇ ਆਰ ਐੱਸ ਡੀਏਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰ. ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ 5 ਸਤੰਬਰ ਦਿਨ ਮੰਗਲਵਾਰ ਨੂੰ ਸਕੂਲ ਝਬਾਲ ਵਿਖੇ ਅਧਿਆਪਕ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਪੁਰਾਣੇ ਅਤੇ ਨਵੇਂ ਵਿਦਿਆਰਥੀਆਂ ਨੇ ਮਿਲ ਕੇ ਆਪਣੇ ਅਧਿਆਪਕਾਂ ਦਾ ਸਨਮਾਨ ਕੀਤਾ। ਇਸ ਮੌਕੇ ਪ੍ਰਿੰ. ਅਸ਼ਵਨੀ ਕੁਮਾਰ ਨੇ ਬੱਚਿਆਂ ਨੂੰ 'ਗੁਰੂ' ਸ਼ਬਦ ਦੇ ਅਰਥ ਦੱਸੇ। ਮੈਡਮ ਰੰਜੂ ਸਚਦੇਵਾ ਨੇ ਵੀ 'ਗੁਰੂ ਦਕਸ਼ਿਣਾ 'ਵਜੋਂ ਬੱਚਿਆਂ ਕੋਲੋਂ ਮਨ ਲਗਾ ਕੇ ਪੜਨ ਦਾ ਵਾਅਦਾ ਲਿਆ। ਇਸ ਸੋਨੀਆ ਸ਼ਰਮਾ, ਪੂਜਾ ਭਗਤ, ਰਾਜਬੀਰ ਕੌਰ, ਤਪੱਸਿਆ, ਨੇਹਾ, ਰਕਸ਼ੰਦਨ ਤੇ ਮੈਡਮ ਰਮਨ ਨੇ ਬੱਚਿਆਂ ਦਾ ਸਾਥ ਦਿੱਤਾ।

## ਧਾਮੀ ਵੱਲੋਂ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਦੀ ਪੁਸਤਕ ਸੂਚੀ ਜਾਰੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਲਾਇਬ੍ਰੇਰੀ ਵਿਚ ਸੁਰੱਖਿਅਤ ਪੰਜਾਬੀ ਪੁਸਤਕਾਂ ਦੀ ਤਿਆਰ ਕੀਤੀ ਗਈ ਸੂਚੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ ਕੀਤੀ ਗਈ। ਇਹ ਲਾਇਬ੍ਰੇਰੀ 1927 ਵਿਚ ਸਥਾਪਤ ਕੀਤੀ ਗਈ ਸੀ, ਜੋ ਮੌਜੂਦਾ ਸਮੇਂ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਿਵਾਸ 'ਚ ਕਾਰਜਸ਼ੀਲ ਹੈ। ਇਸ ਲਾਇਬ੍ਰੇਰੀ ਵਿਚ ਕਰੀਬ 13 ਹਜ਼ਾਰ ਪੁਸਤਕਾਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਲਾਇਬ੍ਰੇਰੀ ਦੀਆਂ ਪੰਜਾਬੀ ਪੁਸਤਕਾਂ ਦੀ ਸੂਚੀ ਤਿਆਰ ਕੀਤੀ ਗਈ ਹੈ, ਜਿਨ੍ਹਾਂ ਦੀ ਗਿਣਤੀ 5260 ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੁਸਤਕ ਸੂਚੀ ਜਾਰੀ ਕਰਦਿਆਂ ਕਿਹਾ ਕਿ ਕਰੀਬ 100 ਸਾਲ ਪਹਿਲਾਂ ਹੋਂਦ ਵਿਚ ਆਈ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਅੰਦਰ ਕਈ ਅਹਿਮ ਪੁਸਤਕਾਂ ਸ਼ਾਮਲ ਹਨ, ਜਿਨ੍ਹਾਂ ਬਾਰੇ ਖੋਜਾਰਥੀਆਂ ਅਤੇ ਸੰਗਤਾਂ ਨੂੰ ਜਾਣੂ ਕਰਵਾਉਣ ਲਈ ਤਿਆਰ ਕੀਤੀ ਪੁਸਤਕ ਸੂਚੀ ਅਹਿਮ ਸਾਬਤ ਹੋਵੇਗੀ।

# ਵਿਆਹ ਪੁਰਬ ਸਮਾਗਮ ਦੀਆਂ ਤਿਆਰੀਆਂ ਜ

8-Sep-PAGE-4.qxd 9/7/2023 11:23 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 8 ਸਤੰਬਰ 2023

# ਅੰਤ ਦੀ ਸ਼ੁਰੂਆਤ

*ਜੀ-20 ਦੇਸ਼ਾਂ ਦਾ ਦੋ ਦਿਨਾ ਸਿਖ਼ਰ ਸੰਮੇਲਨ ਦਿੱਲੀ ਵਿੱਚ ਕੱਲ੍ਹ ਸ਼ੁਰੂ ਹੋ ਜਾਵੇਗਾ। ਪਿਛਲੇ ਸਾਲ ਜਦੋਂ ਇੰਡੋਨੇਸ਼ੀਆ ਵਿੱਚ ਹੋਏ ਸਿਖ਼ਰ ਸੰਮੇਲਨ ਬਾਅਦ ਇਸ ਦੀ ਪ੍ਰਧਾਨਗੀ ਭਾਰਤ ਨੂੰ ਸੌਂਪੀ ਗਈ ਸੀ ਤਾਂ ਮੋਦੀ ਸਰਕਾਰ ਨੇ ਇਸ ਦਾ ਇੰਜ ਜਸ਼ਨ ਮਨਾਇਆ ਸੀ, ਜਿਵੇਂ ਨਰਿੰਦਰ ਮੋਦੀ ਨੂੰ ਵਿਸ਼ਵ ਦੀ ਸਰਦਾਰੀ ਮਿਲ ਗਈ ਹੋਵੇ। ਸਚਾਈ ਇਹ ਹੈ ਕਿ ਜੀ-20 ਦੀ ਪ੍ਰਧਾਨਗੀ ਰੋਟੇਸ਼ਨ ਪ੍ਰਕਿਰਿਆ ਅਧੀਨ ਦਿੱਤੀ ਜਾਂਦੀ ਹੈ। ਦਿੱਲੀ ਸੰਮੇਲਨ ਤੋਂ ਬਾਅਦ ਇਹ ਪ੍ਰਧਾਨਗੀ ਬ੍ਰਾਜ਼ੀਲ ਨੂੰ ਮਿਲ ਜਾਵੇਗੀ। ਮੋਦੀ ਸਰਕਾਰ ਵੱਲੋਂ ਤਾਂ ਹਰ ਕੰਮ ਹੀ ਚੋਣਾਂ ਨੂੰ ਸਾਹਮਣੇ ਰੱਖ ਕੇ ਕੀਤਾ ਜਾਂਦਾ ਹੈ। ਦਿੱਲੀ ਸੰਮੇਲਨ ਨੂੰ ਵੀ ਇਸੇ ਸੇਧ ਵਿੱਚ ਲਿਸ਼ਕਾਇਆ, ਮਟਕਾਇਆ ਜਾ ਰਿਹਾ ਹੈ। ਅਸਲੀਅਤ ਇਹ ਹੈ ਕਿ ਜੀ-20 ਦੇਸ਼ਾਂ ਦਾ ਗੱਠਜੋੜ ਮਰਨ ਕੰਢੇ ਪਿਆ ਹੋਇਆ ਹੈ। ਇੰਡੋਨੇਸ਼ੀਆ ਵਿੱਚ ਹੋਏ ਪਿਛਲੇ ਸਿਖ਼ਰ ਸੰਮੇਲਨ ਵਿੱਚ ਇਸ ਵਿੱਚ ਸ਼ਾਮਲ ਦੇਸ਼ ਕਿਸੇ ਵੀ ਏਜੰਡੇ ਉੱਤੇ ਇੱਕ ਰਾਏ ਨਹੀਂ ਬਣਾ ਸਕੇ ਸਨ। ਸਿੱਟੇ ਵੱਲੋਂ ਸਾਂਝਾ ਐਲਾਨਨਾਮਾ ਜਾਰੀ ਨਹੀਂ ਸੀ ਹੋ ਸਕਿਆ। ਭਾਰਤ ਹੱਥ ਪ੍ਰਧਾਨਗੀ ਆਉਣ ਤੋਂ ਬਾਅਦ ਵੱਖ-ਵੱਖ ਮੁੱਦਿਆਂ ਉੱਤੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਛੋਟੇ ਸੰਮੇਲਨ ਕੀਤੇ ਗਏ ਸਨ। ਇਨ੍ਹਾਂ ਮੀਟਿੰਗਾਂ ਵਿੱਚ ਖੇਤੀ ਸੰਕਟ, ਜਲਵਾਯੂ ਤਬਦੀਲੀ, ਡਿਜੀਟਲ ਇਕਾਨਮੀ, ਸਿੱਖਿਆ, ਰੁਜ਼ਗਾਰ, ਸਿਹਤ, ਵਪਾਰ ਤੇ ਸੈਰ-ਸਪਾਟਾ ਆਦਿ ਬਾਰੇ ਮਸਲੇ ਵਿਚਾਰੇ ਗਏ, ਪਰ ਇੱਕ ਉੱਤੇ ਵੀ ਆਮ ਸਹਿਮਤੀ ਨਾ ਬਣ ਸਕੀ। ਇਹ ਸਾਰੀਆਂ ਮੀਟਿੰਗਾਂ ਬਿਨਾਂ ਕੋਈ ਸਾਂਝਾ ਬਿਆਨ ਜਾਰੀ ਕੀਤਿਆਂ ਖ਼ਤਮ ਕਰ ਦਿੱਤੀਆਂ ਗਈਆਂ ਸਨ। ਇਸ ਤਰ੍ਹਾਂ ਦਿੱਲੀ ਸੰਮੇਲਨ ਦੀ ਸਫ਼ਲਤਾ ਉੱਤੇ ਪਹਿਲਾਂ ਹੀ ਸਵਾਲੀਆ ਨਿਸ਼ਾਨ ਲੱਗ ਚੁੱਕਾ ਹੈ।*

*ਦੇਸ਼ ਦੇ ਹਾਕਮ ਵੀ ਘਬਰਾਏ ਹੋਏ ਹਨ। ਇਹ ਐਵੇਂ ਹੀ ਨਹੀਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਹੜਾ ਪ੍ਰੈੱਸ ਕੋਲੋਂ ਗੁਲੇਲ ਤੋਂ ਕਾਂਗ ਵਾਂਗ ਭੱਜਦਾ 3 ਸਤੰਬਰ ਨੂੰ ਪੀ ਟੀ ਆਈ ਖ਼ਬਰ ਏਜੰਸੀ ਨੂੰ ਇੰਟਰਵਿਊ ਦੇ ਕੇ ਜੀ-20 ਸੰਮੇਲਨ ਵਿੱਚ ਸ਼ਾਮਲ ਦੇਸ਼ਾਂ ਨੂੰ ਅਪੀਲ ਕਰਦਾ ਹੈ ਕਿ ਦੁਨੀਆ ਦੀਆਂ ਪ੍ਰਮੁੱਖ ਸਮੱਸਿਆਵਾਂ, ਜਿਨ੍ਹਾਂ ਨੂੰ ਹੱਲ ਕਰਨ ਦੇ ਮਕਸਦ ਨਾਲ ਉਹ ਆ ਰਹੇ ਹਨ, ਉੱਤੇ ਆਮ ਸਹਿਮਤੀ ਬਣਾਈ ਜਾਵੇ। ਪ੍ਰਧਾਨ ਮੰਤਰੀ ਨੂੰ ਸਾਰੇ ਦੇਸ਼ਾਂ ਨੂੰ ਅਪੀਲ ਇਸ ਲਈ ਕਰਨੀ ਪਈ, ਕਿਉਂਕਿ ਹਾਲੇ ਤੱਕ ਸਾਂਝੇ ਐਲਾਨਨਾਮੇ ਉਤੇ ਸਹਿਮਤੀ ਨਹੀਂ ਬਣ ਸਕੀ।*

*ਜੀ-20 ਸਿਖਰ ਸੰਮੇਲਨ ਲਈ ਭਾਰਤ ਵੱਲੋਂ ਨਿਯੁਕਤ ਮੁੱਖ ਨੁਮਾਇੰਦੇ (ਸ਼ੇਰਪਾ) ਅਮਿਤਾਭ ਕਾਂਤ ਨੇ ਪਿਛਲੀ ਦਿਨੀਂ ਬਿਆਨ ਦਿੱਤਾ ਸੀ ਕਿ ਸੰਮੇਲਨ ਦੌਰਾਨ ਭਾਰਤ ਵਿਕਾਸ ਏਜੰਡੇ ਉੱਤੇ ਚਰਚਾ ਲਈ ਜ਼ੋਰ ਪਾਵੇਗਾ। ਉਨ੍ਹਾ ਕਿਹਾ ਸੀ ਕਿ ਸਿਖਰ ਸੰਮੇਲਨ ਵਿੱਚ ਸ਼ਾਮਲ ਦੇਸ਼ਾਂ ਨੂੰ ਆਪਣਾ ਧਿਆਨ ਵਿਕਾਸ ਉੱਤੇ ਕੇਂਦਰਤ ਕਰਨਾ ਚਾਹੀਦਾ ਹੈ, ਨਾ ਕਿ ਰਾਜਨੀਤੀ ਉੱਤੇ। ਉਸੇ ਦਿਨ ਜਰਮਨੀ ਦੇ ਰਾਜਦੂਤ ਜੋਰਗ ਕੁਕੀਸ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਕੇ ਸਿੱਧੇ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਜਰਮਨੀ ਅਜਿਹੇ ਕਿਸੇ ਸਾਂਝੇ ਬਿਆਨ ਉੱਤੇ ਦਸਤਖਤ ਨਹੀਂ ਕਰੇਗਾ, ਜਿਸ ਵਿੱਚ ਰੂਸ ਵੱਲੋਂ ਯੂਕਰੇਨ ਉੱਤੇ ਹਮਲੇ ਦੀ ਨਿੰਦਾ ਨਾ ਕੀਤੀ ਗਈ ਹੋਵੇ।*

*ਜੀ-20 ਗਰੁੱਪ ਵਿੱਚ ਰੂਸ ਵੀ ਸ਼ਾਮਲ ਹੈ ਤੇ ਚੀਨ ਵੀ। ਇਸ ਲਈ ਉਹ ਅਜਿਹੇ ਕਿਸੇ ਸਾਂਝੇ ਬਿਆਨ ਉੱਤੇ ਦਸਤਖਤ ਨਹੀਂ ਕਰਨਗੇ, ਜਿਸ ਵਿੱਚ ਰੂਸ ਦੀ ਨਿੰਦਾ ਕੀਤੀ ਗਈ ਹੋਵੇ। ਇਨ੍ਹਾਂ ਦੋ ਦੇਸ਼ਾਂ ਤੋਂ ਬਿਨਾਂ ਹੋਰ ਵੀ ਕਈ ਦੇਸ਼ ਹਨ, ਜਿਹੜੇ ਰੂਸ-ਯੂਕਰੇਨ ਯੁੱਧ ਬਾਰੇ ਨਿਰਪੱਖ ਪੁਜ਼ੀਸ਼ਨ ਲੈ ਚੁੱਕੇ ਹਨ, ਉਹ ਵੀ ਇਸ ਗੱਲ ਉੱਤੇ ਸਹਿਮਤ ਨਹੀਂ ਹੋਣਗੇ।*

*ਅਸਲ ਵਿੱਚ ਜੀ-20 ਸੰਗਠਨ ਆਪਣੀ ਸਾਰਥਿਕਤਾ ਗੁਆ ਚੁੱਕਾ ਹੈ। ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਅਮਰੀਕਾ ਦੀ ਸਰਦਾਰੀ ਹੇਠ ਇਹ ਸੰਗਠਨ ਨਵੀਂਆਂ ਆਰਥਕ ਨੀਤੀਆਂ ਅਧੀਨ ਨਿੱਜੀਕਰਨ, ਉਦਾਰੀਕਰਨ ਤੇ ਵਿਸ਼ਵੀਕਰਨ ਰਾਹੀਂ ਕਾਰਪੋਰੇਟ ਲੁੱਟ ਨੂੰ ਤੇਜ਼ ਕਰਨ ਲਈ ਬਣਾਇਆ ਗਿਆ ਸੀ। ਇਸ ਦੇ ਨਤੀਜੇ ਵਜੋਂ ਦੁਨੀਆ ਭਰ ਵਿੱਚ ਗੈਰ-ਬਰਾਬਰੀ ਦਾ ਪਾੜਾ ਵਧਿਆ ਤੇ ਬੇਰੁਜ਼ਗਾਰੀ ਵਿੱਚ ਅਥਾਹ ਵਾਧਾ ਹੋਇਆ। ਸਿੱਟੇ ਵਜੋਂ ਵਿਕਸਤ ਦੇਸ਼ਾਂ ਨੂੰ ਆਪਣੇ ਦੇਸ਼ਾਂ ਅੰਦਰ ਨਵੀਂਆਂ ਆਰਥਕ ਨੀਤੀਆਂ ਨੂੰ ਠੰਢੇ ਬਸਤੇ ਵਿੱਚ ਪਾਉਣਾ ਪਿਆ ਹੈ। ਅੱਜ ਦੁਨੀਆ ਬਹੁਧਰੁਵੀ ਬਣ ਚੁੱਕੀ ਹੈ। ਇੱਥੋਂ ਤੱਕ ਕਿ ਸੰਸਾਰ ਬੈਂਕ ਤੇ ਆਈ ਐੱਮ ਐੱਫ਼ ਵਰਗੇ ਅਦਾਰੇ ਵੀ ਆਪਣੀ ਚਮਕ ਗੁਆ ਚੁੱਕੇ ਹਨ। ਗਰੀਬ ਅਤੇ ਵਿਕਾਸ਼ਸ਼ੀਲ ਦੇਸ਼ਾਂ ਨੇ ਇਨ੍ਹਾਂ ਸੰਸਥਾਵਾਂ ਦੀਆਂ ਕਾਰਪੋਰੇਟ ਪੱਖੀ ਸ਼ਰਤਾਂ ਤੋਂ ਤੰਗ ਆ ਕੇ ਚੀਨ ਤੋਂ ਕਰਜ਼ਾ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਚੀਨ ਵੀ ਖੁੱਲ੍ਹੇ ਦਿਲ ਨਾਲ ਭਾਈਵਾਲ ਦੇਸ਼ਾਂ ਦੀ ਮਦਦ ਕਰ ਰਿਹਾ ਹੈ। ਵਿਕਾਸਸ਼ੀਲ ਤੇ ਗਰੀਬ ਦੇਸ਼ਾਂ ਨੇ ਬ੍ਰਿਕਸ, ਯੂਰੇਸ਼ੀਅਨ ਇਕਨਾਮਿਕ ਯੂਨੀਅਨ ਤੇ ਸ਼ਿੰਘਾਈ ਸਹਿਯੋਗ ਸੰਗਠਨ ਵਰਗੇ ਆਪਣੇ ਗਰੁੱਪ ਕਾਇਮ ਕਰ ਲਏ ਹਨ।*

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ ਇੱਕ ਨਿਰਾਸ਼ ਹੋ ਚੁੱਕੇ ਆਗੂ ਦੀ ਅਪੀਲ ਤੋਂ ਵੱਧ ਕੁਝ ਵੀ ਨਹੀਂ ਹੈ। ਤਿੰਨ ਦੇਸ਼ਾਂ ਦੇ ਮੁਖੀਆਂ ਨੇ ਤਾਂ ਸੰਮੇਲਨ ਵਿੱਚ ਆਉਣ ਤੋਂ ਹੀ ਇਨਕਾਰ ਕਰ ਦਿੱਤਾ ਹੈ। ਸਭ ਤੋਂ ਪਹਿਲਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਉਹ ਸਿਖਰ ਸੰਮੇਲਨ ਵਿੱਚ ਭਾਗ ਨਹੀਂ ਲੈਣਗੇ, ਫਿਰ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਮੈਕਸੀਕੋ ਦੇ ਰਾਸ਼ਟਰਪਤੀ ਐਂਗਲੋ ਨੇ ਵੀ ਆਉਣੋਂ ਇਨਕਾਰ ਕਰ ਦਿੱਤਾ। ਬ੍ਰਿਕਸ ਸੰਮੇਲਨ ਵਿੱਚ ਵੀ ਪੁਤਿਨ ਗਿਆ ਨਹੀਂ ਸੀ, ਪਰ ਵਰਚੂਅਲੀ ਉਹ ਹਰ ਸੈਸ਼ਨ ਵਿੱਚ ਸ਼ਾਮਲ ਹੋਇਆ। ਇਹ ਤਿੰਨ ਦੇਸ਼ਾਂ ਦੇ ਮੁਖੀਆਂ ਨੇ ਜੀ-20 ਸਿਖ਼ਰ ਸੰਮੇਲਨ ਵਿੱਚ ਵਰਚੂਅਲੀ ਸ਼ਾਮਲ ਹੋਣਾ ਵੀ ਠੀਕ ਨਹੀਂ ਸਮਝਿਆ। ਅਸਲ ਵਿੱਚ ਜੀ-20 ਸੰਮੇਲਨ ਵਿੱਚ ਸ਼ਾਮਲ ਦੇਸ਼ ਸਮਝਦੇ ਹਨ ਕਿ ਇਸ ਸੰਗਠਨ ਦੀ ਹੁਣ ਕੋਈ ਅਹਿਮੀਅਤ ਨਹੀਂ ਰਹੀ। ਇਸ ਸੰਗਠਨ ਦੇ ਅੰਤ ਦੀ ਸ਼ੁਰੂਆਤ ਹੋ ਚੁੱਕੀ ਹੈ, ਬਸ ਭੋਗ ਪੈਣਾ ਬਾਕੀ ਹੈ।*

***-ਚੰਦ ਫਤਿਹਪੁਰੀ***

# ਮੌਤ ਅਤੇ ਉਸ ਤੋਂ ਬਾਅਦ

ਵਿਸ਼ਵਾ ਮਿੱਤਰ

ਜੇਕਰ ਮੈਂ ਕਹਾਂ ਕਿ ਵਿਅਕਤੀ ਦੀ ਮੌਤ ਉਸ ਦੇ ਜਨਮ ਲੈਂਦੇ ਸਾਰ ਹੀ ਸ਼ੁਰੂ ਹੋ ਜਾਂਦੀ ਹੈ ਤਾਂ ਕੁਝ ਲੋਕ ਮੰਨਣ ਨੂੰ ਤਿਆਰ ਹੀ ਨਹੀਂ ਹੋਣਗੇ ਅਤੇ ਕੁਝ ਬਹੁਤ ਹੈਰਾਨ ਹੋਣਗੇ, ਪਰ ਹੈ ਇਹ ਬਿਲਕੁਲ ਸੱਚ। ਜਿਵੇਂ ਇੱਕ ਮਕਾਨ ਦਾ ਛੋਟੇ ਤੋਂ ਛੋਟਾ ਭਾਗ ਇੱਕ ਇੱਟ ਹੁੰਦਾ ਹੈ, ਇਵੇਂ ਹੀ ਸਾਡੇ ਸਰੀਰ ਦੇ ਛੋਟੇ ਤੋਂ ਛੋਟੇ ਭਾਗ ਨੂੰ ਸੈੱਲ ਕਹਿੰਦੇ ਹਨ ਅਤੇ ਕਈ ਕਰੋੜਾਂ ਸੈੱਲ ਮਿਲ ਕੇ ਸਾਡਾ ਸਰੀਰ ਬਣਦਾ ਹੈ। ਨਵੇਂ ਸੈੱਲਾਂ ਦਾ ਬਣਨਾ ਜ਼ਿੰਦਗੀ ਹੈ ਅਤੇ ਪੁਰਾਣੇ ਸੈੱਲਾਂ ਦਾ ਟੁੱਟਣਾ ਜਾਂ ਮਰਨਾ ਮੌਤ ਹੈ। ਹਰ ਪਲ ਵਿਅਕਤੀ ਵਿਚ ਕੁਝ ਨਵੇਂ ਸੈੱਲ ਬਣ ਰਹੇ ਹੁੰਦੇ ਹਨ ਅਤੇ ਪੁਰਾਣੇ ਸੈੱਲ ਮਰ ਰਹੇ ਹੁੰਦੇ ਹਨ। ਭਾਵ ਵਿਅਕਤੀ ਦਾ ਸਰੀਰ ਇੱਕੋ ਸਮੇਂ ਜ਼ਿੰਦਗੀ ਵੱਲ ਵੀ ਜਾ ਰਿਹਾ ਹੈ ਅਤੇ ਮੌਤ ਵੱਲ ਵੀ ਜਾ ਰਿਹਾ ਹੈ।

ਬਚਪਨ ਵਿਚ ਨਵੇਂ ਸੈੱਲ ਤੇਜ਼ੀ ਨਾਲ ਬਣ ਰਹੇ ਹੁੰਦੇ ਹਨ ਅਤੇ ਪੁਰਾਣੇ ਸੈੱਲ ਬਹੁਤ ਘੱਟ ਰਫਤਾਰ ਨਾਲ ਮਰਦੇ ਹਨ। ਸਰੀਰ ਦਾ ਭਾਰ ਵਧ ਰਿਹਾ ਹੁੰਦਾ ਹੈ ਅਤੇ ਕੱਦ ਵੀ ਵਧ ਰਿਹਾ ਹੁੰਦਾ ਹੈ। ਜੇਕਰ ਖੁਰਾਕ ਪੌਸ਼ਟਿਕ ਹੋਵੇ ਅਤੇ ਵਿਗਿਆਨਕ ਤੌਰ 'ਤੇ ਮਿੱਥੀ ਮਾਤਰਾ ਵਿਚ ਲਈ ਜਾਵੇ ਤਾਂ ਭਾਰ ਕੱਦ ਦੇ ਅਨੁਸਾਰ ਹੀ ਹੁੰਦਾ ਹੈ ਅਤੇ ਰੋਗ ਰੋਧਕਤਾ ਵੀ ਬਣੀ ਰਹਿੰਦੀ ਹੈ। ਜੇਕਰ ਖੁਰਾਕ ਲੋੜ ਤੋਂ ਜ਼ਿਆਦਾ ਲਈ ਜਾਵੇ ਤਾਂ ਭਾਰ ਲੋੜ ਤੋਂ ਜ਼ਿਆਦਾ ਵਧ ਜਾਂਦਾ ਹੈ ਅਤੇ ਦਿਲ 'ਤੇ ਬੁਰਾ ਅਸਰ ਹੁੰਦਾ ਹੈ, ਜਿਸ ਨਾਲ ਮੌਤ ਛੇਤੀ ਹੋ ਸਕਦੀ ਹੈ। ਵੈਸੇ ਵੀ ਜੇਕਰ ਕਿਸੇ ਦੀ ਪਿੱਠ ਨਾਲ 20 ਕਿਲੋਗ੍ਰਾਮ ਦਾ ਭਾਰ ਬੰਨ੍ਹ ਦਿੱਤਾ ਜਾਵੇ ਅਤੇ ਕਿਹਾ ਜਾਵੇ ਕਿ ਹੁਣ ਤੂੰ ਸਾਰੀ ਉਮਰ ਇਸ ਦੇ ਨਾਲ ਹੀ ਚੱਲਣਾ ਹੈ ਤਾਂ ਅੰਦਾਜ਼ਾ ਲਗਾਓ ਕਿ ਉਸ ਦਾ ਕੀ ਹਾਲ ਹੋਵੇਗਾ। ਠੀਕ ਇਹੋ ਹਾਲਤ ਉਸ ਵਿਅਕਤੀ ਦੀ ਹੁੰਦੀ ਹੈ, ਜਿਸ ਦਾ ਆਪਣਾ ਭਾਰ ਕਦ ਅਨੁਸਾਰ ਮਿੱਥੇ ਭਾਰ ਨਾਲੋਂ 20 ਕਿਲੋਗ੍ਰਾਮ ਜ਼ਿਆਦਾ ਹੁੰਦਾ ਹੈ।

ਸਰੀਰ ਦੇ ਸੈੱਲ ਬਣਦੇ, ਟੁੱਟਦੇ ਰਹਿੰਦੇ ਹਨ। ਜਵਾਨ ਹੋਣ 'ਤੇ ਉਸ ਦਾ ਕੱਦ ਵਧ ਕੇ ਪੂਰਾ ਹੋ ਜਾਂਦਾ ਹੈ, ਪਰ ਭਾਰ ਹੌਲੀ-ਹੌਲੀ ਵਧਦਾ ਰਹਿੰਦਾ ਹੈ। ਫੇਰ ਇੱਕ ਅਜਿਹੀ ਅਵਸਥਾ ਆਉਂਦੀ ਹੈ ਕਿ ਹਰ ਪਲ ਜਿੰਨੇ ਸੈੱਲ ਬਣ ਰਹੇ ਹੁੰਦੇ ਹਨ, ਓਨੇ ਹੀ ਟੁੱਟ ਕੇ ਮਰ ਰਹੇ ਹੁੰਦੇ ਹਨ। ਇਸ ਅਵਸਥਾ ਵਿਚ ਭਾਰ ਸਥਿਰ ਹੋ ਜਾਂਦਾ ਹੈ ਅਤੇ ਕਾਫੀ ਸਾਲ ਇਵੇਂ ਹੀ ਰਹਿੰਦਾ ਹੈ। ਮਤਲਬ ਕਿ ਜ਼ਿੰਦਗੀ ਦੇਣ ਵਾਲੀਆਂ ਸ਼ਕਤੀਆਂ ਅਤੇ ਮੌਤ ਲਿਆਉਣ ਵਾਲੀਆਂ ਸ਼ਕਤੀਆਂ ਬਰਾਬਰ ਰਹਿੰਦੀਆਂ ਹਨ। ਇਸ ਅਵਸਥਾ ਦੀ ਤੁਲਨਾ ਤੁਸੀ ਰੱਸਾਕਸ਼ੀ ਦੀਆਂ ਦੋ ਟੀਮਾਂ ਨਾਲ ਕਰ ਸਕਦੇ ਹੋ ਕਿ ਜਦੋਂ ਦੋਵੇਂ ਟੀਮਾਂ ਬਰਾਬਰ ਦੀਆਂ ਹੋਣ ਅਤੇ ਕਾਫੀ ਸਮਾਂ ਦੋਵਾਂ ਪਾਸਿਓਂ ਬਰਾਬਰ ਜ਼ੋਰ ਲੱਗਣ ਨਾਲ ਰੱਸਾ ਕਿਸੇ ਟੀਮ ਵੱਲ ਵੀ ਨਹੀਂ ਜਾਂਦਾ।

ਇਸ ਤੋਂ ਬਾਅਦ ਜੋ ਮਰਜ਼ੀ ਕਰ ਲਓ, ਬਦਾਮ ਖਾ ਲਓ ਜਾਂ ਤਾਕਤ ਦੇ ਟੀਕੇ ਲਗਵਾ ਲਓ, ਮੌਤ ਵੱਲ ਲਿਜਾਣ ਲਈ ਸਰੀਰ ਦੇ ਸੈੱਲ ਟੁੱਟ ਕੇ ਮਰਦੇ ਵੱਧ ਹਨ ਅਤੇ ਜ਼ਿੰਦਗੀ ਕਾਇਮ ਰੱਖਣ ਲਈ ਸੈੱਲ ਬਣਦੇ ਘੱਟ ਹਨ। ਭਾਰ ਅਤੇ ਤਾਕਤ ਘਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਸਿਲਸਿਲਾ ਵੀ 20-30 ਸਾਲ ਤੋਂ ਵੱਧ ਜਾਂ ਘੱਟ ਤੱਕ ਚਲਦਾ ਰਹਿੰਦਾ ਹੈ। ਪਿੰਡਾਂ ਦੇ ਅਖਾਣ, 'ਮਾੜਾ ਢੱਗਾ, ਛੱਤੀ ਰੋਗ' ਅਨੁਸਾਰ ਕਮਜ਼ੋਰ ਬੰਦੇ ਨੂੰ ਬਿਮਾਰੀਆਂ ਵੀ ਆ ਘੇਰਦੀਆਂ ਹਨ। ਕੁਝ ਲੋਕ ਬਚ ਵੀ ਜਾਂਦੇ ਹਨ, ਪਰ ਸੈੱਲ ਲਗਾਤਾਰ ਬਣਨ ਨਾਲੋਂ ਜ਼ਿਆਦਾ ਟੁੱਟਦੇ ਰਹਿੰਦੇ ਹਨ, ਮਤਲਬ ਮੌਤ ਵੱਲ ਲਿਜਾਣ ਵਾਲੀ ਕਿਰਿਆ ਤੇਜ ਹੋ ਜਾਂਦੀ ਹੈ ਅਤੇ ਅੰਤ ਵਿਚ ਵਿਅਕਤੀ ਦੀ ਮੌਤ ਹੋ ਜਾਂਦੀ ਹੈ।

ਕਈ ਵਾਰ ਕਿਸੇ ਬਿਮਾਰੀ ਕਾਰਨ, ਕਿਸੇ ਜ਼ਹਿਰੀਲੇ ਜਾਨਵਰ ਦੇ ਕੱਟਣ ਨਾਲ ਜਾਂ ਕਿਸੇ ਦੁਰਘਟਨਾ ਦੇ ਕਾਰਨ ਮੌਤ ਬੁਢਾਪਾ ਅਵਸਥਾ ਆਉਣ ਤੋਂ ਪਹਿਲਾਂ ਵੀ ਹੋ ਜਾਂਦੀ ਹੈ। ਜਦੋਂ ਵਿਅਕਤੀ ਮਰਨ ਵਾਲਾ ਹੁੰਦਾ ਹੈ, ਡਾਕਟਰ ਬੁਲਾ ਲਿਆ ਜਾਂਦਾ ਹੈ, ਦਵਾਈ ਦੇਂਦਾ ਹੈ ਅਤੇ ਕਈ ਵਾਰ ਮੌਤ ਕੁਝ ਦਿਨ ਜਾਂ ਕੁਝ ਪਲ ਅੱਗੇ ਪੈ ਜਾਂਦੀ ਹਨ, ਪਰ ਇੱਕ ਟਾਈਮ ਉਹ ਵੀ ਆਉਂਦਾ ਹੈ, ਜਦੋਂ ਡਾਕਟਰ ਵੇਖਦਾ ਹੈ ਕਿ ਵਿਅਕਤੀ ਨੇ ਸਾਹ ਲੈਣਾ ਬੰਦ ਕਰ ਦਿੱਤਾ ਹੈ, ਰੌਸ਼ਨੀ ਦੇਣ 'ਤੇ ਵੀ ਅੱਖਾਂ ਨਹੀਂ ਝਪਕਦੀਆਂ, ਦਿਲ ਦੀ ਧੜਕਨ ਰੁਕ ਚੁੱਕੀ ਹੁੰਦੀ ਹੈ ਅਤੇ ਡਾਕਟਰ ਕਹਿ ਦੇਂਦਾ ਹੈ ਕਿ ਅਫਸੋਸ! ਵਿਅਕਤੀ ਮਰ ਚੁੱਕਿਆ ਹੈ, ਇਸ ਮੌਤ ਨੂੰ ਡਾਕਟਰੀ ਮੌਤ ਜਾਂ ਕਲੀਨੀਕਲ ਮੌਤ ਕਹਿੰਦੇ ਹਨ। ਦਿਲ ਦੀ ਧੜਕਣ ਬੰਦ ਹੋਣ ਨਾਲ ਸਰੀਰ ਦੇ ਹਿੱਸਿਆਂ ਨੂੰ ਖੂਨ ਨਹੀਂ ਪਹੁੰਚਦਾ। ਦਿਮਾਗ, ਜਿਸ ਨੂੰ ਸਭ ਤੋਂ ਜ਼ਿਆਦਾ ਖੂਨ ਚਾਹੀਦਾ ਹੁੰਦਾ ਹੈ, ਉਸ ਨੂੰ ਵੀ ਖੂਨ ਨਹੀਂ ਮਿਲਦਾ । ਜਦੋਂ ਦਿਮਾਗ ਨੂੰ ਖੂਨ ਨਹੀਂ ਪਹੁੰਚਦਾ ਤਾਂ ਖੁਰਾਕ ਅਤੇ ਆਕਸੀਜਨ ਦੀ ਘਾਟ ਕਾਰਨ ਦਿਮਾਗ ਦੇ ਸੈੱਲ, ਜਿਹੜੇ ਕਿ ਅਜੇ ਬਚੇ ਹੋਏ ਸਨ, ਉਹ ਟੁੱਟਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਦਿਮਾਗ ਦੇ ਸੈੱਲ ਅੱਧੇ ਤੋਂ ਜ਼ਿਆਦਾ ਟੁੱਟ ਜਾਣ ਤਾਂ ਉਸ ਤੋਂ ਬਾਅਦ ਜ਼ਿੰਦਗੀ ਵਾਪਸ ਨਹੀਂ ਲਿਆਂਦੀ ਜਾ ਸਕਦੀ। ਇਸ ਅਵਸਥਾ ਨੂੰ ਵਾਪਿਸ ਨਾ ਮੁੜਨ ਵਾਲਾ ਬਿੰਦੂ (ਪੁਆਇੰਟ ) ਕਹਿੰਦੇ ਹਨ। ਇਸ ਅਵਸਥਾ ਨੂੰ ਬਾਇਓਲਾਜੀਕਲ ਮੌਤ ਕਹਿੰਦੇ ਹਨ । ਇਸ ਤੋਂ ਬਾਅਦ ਟੀਕਿਆਂ ਦਾ, ਕਿਸੇ ਦੇ ਸਾਹਾਂ ਦਾ, ਛਾਤੀ ਨੂੰ ਦਬਾਉਣ ਅਤੇ ਢਿੱਲਾ ਛੱਡਣ ਦਾ ਕੋਈ ਲਾਭ ਨਹੀਂ ਹੁੰਦਾ। ਮੁੜ ਜ਼ਿੰਦਗੀ ਵਾਪਸ ਲਿਆਉਣ ਦੀ ਅਵਸਥਾ ਗਰਮ ਦੇਸ਼ਾਂ ਵਿਚ ਕਲੀਨੀਕਲ ਮੌਤ ਤੋਂ ਕੇਵਲ ਦੋ ਮਿੰਟ ਬਾਅਦ ਤੱਕ ਹੀ ਰਹਿੰਦੀ ਹੈ। ਠੰਢੇ ਦੇਸ਼ਾਂ ਵਿਚ 5 ਮਿੰਟ ਤੱਕ ਵੀ ਬੰਦਾ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਠੰਢੇ ਦੇਸ਼ ਵਿਚ ਵਿਅਕਤੀ ਬਰਫ ਹੇਠ ਆ ਕੇ ਮਰ ਗਿਆ ਤਾਂ ਅਜਿਹੇ ਕਲੀਨੀਕਲ ਮ੍ਰਿਤਕ ਨੂੰ ਸੁਰਜੀਤ ਕੀਤਾ ਗਿਆ ਸੀ ।

ਜਦੋਂ ਮੌਤ ਹੋ ਜਾਂਦੀ ਹੈ ਤਾਂ ਫੇਰ ਵਿਅਕਤੀ ਨੂੰ ਦਫਨਾਉਣ ਜਾਂ ਦਾਹ ਸੰਸਕਾਰ ਤੋਂ ਬਾਅਦ ਅੰਤਮ ਰਸਮਾਂ ਹੁੰਦੀਆਂ, ਜਿਨ੍ਹਾਂ ਵਿਚ ਧਾਰਮਕ ਆਗੂ ਆ ਕੇ ਆਪਣੇ ਪਰਵਚਨ ਸੁਣਾਉਂਦੇ ਹਨ ਅਤੇ ਫੇਰ ਸਿਆਣੇ ਵਿਅਕਤੀ ਆਪਣੇ ਵਿਚਾਰ ਦੇਣੇ ਸ਼ੁਰੂ ਕਰ ਦੇਂਦੇ ਹਨ। ਤੁਸੀ ਆਪ ਵੀ ਅਜਿਹੇ ਕਈ ਮੌਕਿਆਂ ਤੇ ਆਖਰੀ ਰਸਮਾਂ ਵਿਚ ਹਾਜ਼ਰੀ ਭਰੀ ਹੋਣੀ ਹੈ। ਉਹੀ ਪੁਰਾਣੇ ਵਾਕ ਬੋਲੇ ਜਾਂਦੇ ਹਨ, ਜਿਵੇਂ ਕਿ ਬੰਦਾ ਜਿੰਨੇ ਸਾਹ ਲਿਖਵਾ ਕੇ ਲਿਆਇਆ, ਜਦੋਂ ਪੂਰੇ ਹੋ ਗਏ ਤਾਂ ਬੰਦਾ ਸੰਸਾਰ ਛੱਡ ਗਿਆ..... ਮੌਤ

8-SEP-PAGE-5.qxd 9/7/2023 11:00 PM Page 1



# ਨਰੇਗਾ ਕਾਮਿਆਂ ਨੂੰ ਸਮੇਂ ਸਿਰ ਕੰਮ ਨਾ ਦਿੱਤਾ ਤਾਂ ਸਖਤ ਐਕਸ਼ਨ ਤੋਂ ਪ੍ਰਹੇਜ਼ ਨਹੀਂ ਕਰਾਂਗੇ : ਗਦਾਈਆ, ਸ਼ਰਮਾ

**ਸੰਗਰੂਰ (ਪ੍ਰਵੀਨ ਸਿੰਘ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੀ ਅਗਵਾਈ 'ਚ ਸੰਗਰੂਰ ਜ਼ਿਲ੍ਹੇ ਦੇ ਨਰੇਗਾ ਕਾਮਿਆਂ ਦੀ ਭਰਵੀਂ ਮੀਟਿੰਗ ਕੀਤੀ ਗਈ, ਜਿਸ ਵੱਡੀ ਗਿਣਤੀ 'ਚ ਕਾਮਿਆਂ ਨੇ ਹਿੱਸਾ ਲਿਆ ਤੇ ਔਰਤਾਂ ਦੀ ਕਾਫੀ ਵੱਡੀ ਗਿਣਤੀ ਵਿੱਚ ਸ਼ਾਮਲ ਸਨ। ਇਸ ਮੀਟਿੰਗ ਨੂੰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਪੰਜਾਬ ਏਟਕ ਦੇ ਸੂਬਾ ਐਕਟਿੰਗ ਪ੍ਰਧਾਨ ਕਾਮਰੇਡ ਸੁਖਦੇਵ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਰੇਗਾ 2005 ਨੂੰ 17 ਸਾਲ ਬਣਿਆ ਹੋਗਿਆ, ਪਰ ਹਾਲੇ ਤੱਕ ਪੰਜਾਬ ਦੇ ਹਜ਼ਾਰਾਂ ਪਿੰਡ ਅਜਿਹੇ ਹਨ, ਜਿੱਥੇ ਕਾਮਿਆਂ 100 ਦਿਨ ਕੀ 20 ਦਿਨ ਵੀ ਕੰਮ ਨਹੀਂ ਮਿਲਿਆ। ਪੰਜਾਬ ਦੇ ਹਜ਼ਾਰਾਂ ਪਿੰਡ ਅਜਿਹੇ ਹਨ, ਜਿੱਥੇ ਚੇਤਨ ਕਾਮੇਂ ਕਾਨੂੰਨ ਅਨੁਸਾਰ ਕੰਮ ਦੀ ਮੰਗ ਕਰਦੇਂ ਹਨ, ਤਾਂ ਕੰਮ ਦੀ ਮੰਗ ਕਰਨ ਵਾਲੇ ਕਾਮਿਆਂ ਕੰਮ ਨਹੀਂ ਦਿੱਤਾ ਜਾਂਦਾ ਹੈ ਤੇ ਨਾ ਹੀ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਹੈ ਤੇ ਕਾਮਿਆਂ ਨੂੰ ਮਹੀਨਿਆਂਬੱਧੀ ਪ੍ਰੇਸ਼ਾਨ ਕੀਤਾ ਜਾਂਦਾ। ਜੇਕਰ ਕਾਮਿਆਂ ਸਮੇਂ ਸਿਰ ਕੰਮ ਨਹੀਂ ਦਿੱਤਾ ਜਾਂਦਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਇਹ ਬਰਦਾਸ਼ਤ ਨਹੀਂ ਕਰੇਗਾ ਤੇ ਸਖਤ ਐਕਸ਼ਨ ਲੈਣ ਲਈ ਮਜਬੂਰ ਹੋਵੇਗੀ। ਇਸ ਮੀਟਿੰਗ ਨੂੰ ਏਟਕ ਦੇ ਸੂਬਾਈ ਆਗੂ ਮੁਹੰਮਦ ਖਲੀਲ ਨੇ ਸੰਬੋਧਨ ਕਰਦਿਆਂ ਕਿਹਾਂ ਕਿ ਸੰਗਰੂਰ ਜ਼ਿਲ੍ਹੇ ਵਿੱਚ ਨਰੇਗਾ ਕਾਮਿਆਂ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਾ ਕਿ ਕਾਮਿਆਂ ਨਾਲ ਬਹੁਤ ਧੱਕਾ ਕੀਤਾ ਜਾਂਦਾ ਹੈ। ਕਾਮਿਆਂ ਦੀਆਂ ਕੰਮ ਅਰਜ਼ੀਆਂ ਦਰਜ ਨਹੀਂ ਕੀਤੀਆਂ ਜਾਂਦੀਆਂ ਤੇ ਕਾਮਿਆਂ ਨੂੰ ਲਾਰੇ ਲਾ ਕੇ ਦਿਨ ਟਪਾ ਦਿੱਤੇ ਜਾਂਦੇ ਹਨ। ਆਉਣ ਵਾਲੇ ਦਿਨਾਂ ਵਿੱਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੀ ਅਗਵਾਈ ਵਿੱਚ ਜ਼ਿਲ੍ਹਾ ਪੱਧਰ ਦਾ ਪ੍ਰਦਰਸ਼ਨ ਡੀ ਸੀ ਦਫਤਰ ਸੰਗਰੂਰ ਵਿਖੇ ਕੀਤਾ ਜਾਵੇਗਾ।

# ਡੀ ਟੀ ਐੱਫ ਨੇ ਰੈਲੀ ਕਰਕੇ ਫੂਕੀ ਸਰਕਾਰ ਦੀ ਅਰਥੀ

**ਸੰਗਰੂਰ/ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**

ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਨੇ 6505 ਅਧਿਆਪਕ ਜਥੇਬੰਦੀ ਤੇ ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਸੰਗਰੂਰ ਦੇ ਭਰਾਤਰੀ ਸਹਿਯੋਗ ਨਾਲ ਡੀ ਸੀ ਦਫਤਰ ਸੰਗਰੂਰ ਦੇ ਗੇਟ ਅੱਗੇ ਰੈਲੀ ਕਰਕੇ ਪੰਜਾਬ ਸਰਕਾਰ ਦੀ ਅਰਥੀ ਫੂਕੀ।

ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਕਿਹਾ ਕਿ ਅੱਜ ਅਧਿਆਪਕ ਦਿਵਸ ਮੌਕੇ ਜਿੱਥੇ ਪੰਜਾਬ ਸਰਕਾਰ ਸੂਬਾ ਪੱਧਰ 'ਤੇ ਪ੍ਰੋਗਰਾਮ ਕਰਕੇ ਅਧਿਆਪਕਾਂ ਨੂੰ ਸਨਮਾਨਤ ਕਰਨ ਦੇ ਪ੍ਰੋਗਰਾਮ ਕਰ ਰਹੀ ਹੈ, ਉੱਥੇ ਉਸ ਦੇ ਸਮਾਨਾਂਤਰ ਜਥੇਬੰਦੀ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਸਰਕਾਰ ਦੇ ਅਰਥੀ ਫੂਕ ਰੋਸ ਮੁਜ਼ਾਹਰੇ ਕਰਕੇ ਸਰਕਾਰ ਦੇ ਕੰਨਾਂ ਤੱਕ ਅਧਿਆਪਕਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਪਹੁੰਚਾਉਣਾ ਚਾਹੁੰਦੀ ਹੈ ਤਾਂ ਜੋ ਅਧਿਆਪਕਾਂ ਦਾ ਮਾਨ-ਸਨਮਾਨ ਹਕੀਕੀ ਰੂਪ ਵਿੱਚ ਬਹਾਲ ਹੋ ਸਕੇ।

ਰੈਲੀ ਨੂੰ ਡੀ.ਟੀ.ਐੱਫ. ਦੇ ਸੂਬਾ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ, ਰਣਬੀਰ ਜਖੇਪਲ, ਜਸਬੀਰ ਨਮੋਲ, ਗਗਨਦੀਪ ਧੂਰੀ, ਸਰਬਜੀਤ ਕਿਸ਼ਨਗੜ੍ਹ, ਗੁਰਮੇਲ ਬਖਸ਼ੀਵਾਲਾ, ਮਹਿੰਦਰ ਪ੍ਰਤਾਪ, ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਸਵਰਨਜੀਤ ਸਿੰਘ, ਵਿਸ਼ਵ ਕਾਂਤ ਨੇ ਸਬੋਧਨ ਕੀਤਾ। ਡੀ.ਟੀ.ਐੱਫ. ਦੇ ਆਗੂਆਂ ਸਤਨਾਮ ਉਭਾਵਾਲ, ਨਾਇਬ ਸਿੰਘ, ਸਹਿਦੇਵ ਚੱਠਾ ਤੇ ਭੀਮ ਖੋਖਰ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਬੁਲਾਰਿਆਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਡੀ.ਟੀ.ਐੱਫ. ਨੇ ਬੀਤੀ 8 ਅਗਸਤ ਨੂੰ 6505 ਅਧਿਆਪਕ ਜਥੇਬੰਦੀ ਤੇ ਹੋਰ ਜਨਤਕ ਜਮਹੂਰੀ ਜਥੇਬੰਦੀਆਂ ਦੇ ਭਰਾਤਰੀ ਸਹਿਯੋਗ ਨਾਲ ਅਧਿਆਪਕਾਂ ਦੀਆਂ ਭਖਵੀਂਆਂ ਮੰਗਾਂ ਸਬੰਧੀ ਮੰਗ-ਪੱਤਰ ਡੀ ਸੀ ਸੰਗਰੂਰ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਪਹੁੰਚਾਏ ਸਨ। ਇਹ ਪ੍ਰੋਗਰਾਮ ਵੀ ਸੂਬੇ ਭਰ ਵਿੱਚ ਹੋਇਆ ਸੀ, ਪ੍ਰੰਤੂ ਇਸ ਪ੍ਰੋਗਰਾਮ ਤੋਂ ਬਾਅਦ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕੀ। ਉਲਟਾ ਸਰਕਾਰ ਵੱਲੋਂ ਨਵੀਂ ਸਿੱਖਿਆ ਨੀਤੀ-2020 ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰਨ ਦੇ ਮਕਸਦ ਨਾਲ ਵੱਡੇ ਪੱਧਰ 'ਤੇ ਸਕੂਲਾਂ ਦੀ ਕਲੱਬਿੰਗ ਕਰਨ ਤੇ ਅਧਿਆਪਕਾਂ ਦੀ ਜਬਰੀ ਰੈਸ਼ਨਾਲਾਈਜ਼ੇਸ਼ਨ ਕਰਨ ਦੇ ਸੰਕੇਤ ਦਿੱਤੇ ਜਾ ਰਹੇ ਹਨ, ਜੋ ਕਿ ਜਨਤਕ ਸਿੱਖਿਆ ਲਈ ਮਾਰੂ ਹੋਣ ਦੇ ਨਾਲ-ਨਾਲ ਅਧਿਆਪਕਾਂ ਨੂੰ ਵੱਡੇ ਪੱਧਰ 'ਤੇ ਵਿਸਥਾਪਤ ਕਰੇਗੀ ਅਤੇ ਆਉਣ ਵਾਲੇ ਕਈ ਸਾਲਾਂ ਤੱਕ ਨਵੇਂ ਅਧਿਆਪਕਾਂ ਦੀਆਂ ਭਰਤੀਆਂ ਦਾ ਰਾਹ ਬੰਦ ਕਰੇਗੀ। ਇਸ ਤੋਂ ਇਲਾਵਾ ਸਰਕਾਰੀ ਸਕੂਲਾਂ ਵਿੱਚ ਰਿਟਾਇਰ ਹੋਏ ਅਧਿਆਪਕਾਂ ਨੂੰ ਵਿਜ਼ਟਿੰਗ ਫੈਕਲਟੀ ਦੇ ਤੌਰ 'ਤੇ ਰੱਖਣ ਦੇ ਸਿੱਖਿਆ ਵਿਰੋਧੀ ਤੇ ਰੁਜ਼ਗਾਰ ਵਿਰੋਧੀ ਕਦਮ ਦੇ ਵਿਰੋਧ ਵਿੱਚ ਸਰਕਾਰੀ ਮੁਲਾਜ਼ਮਾਂ ਦੇ ਵਿਰੋਧ ਕਰਨ ਦੇ ਸੰਵਿਧਾਨਕ ਅਧਿਕਾਰ ਨੂੰ ਕੁਚਲਣ ਲਈ ਲਾਗੂ ਕੀਤੇ 'ਐਸਮਾ' ਕਾਨੂੰਨ ਦੇ ਵਿਰੋਧ ਵਿੱਚ ਤੇ ਅਧਿਆਪਕਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਲਾਗੂ ਕਰਵਾਉਣ ਦੇ ਹੱਕ ਵਿੱਚ ਇਹ ਰੋਸ ਪ੍ਰਦਰਸ਼ਨ ਕੀਤਾ ਗਿਆ। ਰੈਲੀ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਹੋਏ। ਬੁਲਾਰਿਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਆਪਣਾ ਮੁਲਾਜ਼ਮ ਵਿਰੋਧੀ ਰਵੱਈਆ ਨਾ ਸੁਧਰਿਆ ਤੇ ਅਧਿਆਪਕਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖਿਆ ਤਾਂ ਉਨ੍ਹਾਂ ਦਾ ਸੰਘਰਸ਼ ਭਵਿੱਖ ਵਿੱਚ ਹੋਰ ਤਿੱਖੇ ਰੂਪ ਅਖਤਿਆਰ ਕਰੇਗਾ।

## ਆਕਸਬ੍ਰਿਜ ਸਕੂਲ 'ਚ ਮਨਾਇਆ ਅਧਿਆਪਕ ਦਿਵਸ

**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਆਕਸਬ੍ਰਿਜ ਵਰਲਡ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਮੈਡਮ ਸਮੀਨਾ ਖੁਰਾਣਾ ਤੇ ਵਾਈਸ ਪ੍ਰਿੰਸੀਪਲ ਮੈਡਮ ਸਪਨਾ ਬਜਾਜ ਦੀ ਅਗਵਾਈ ਹੇਠ ਸਵੇਰ ਦੀ ਸਭਾ ਵਿੱਚ ਕੁਝ ਵਿਦਿਆਰਥੀਆਂ ਵੱਲੋਂ ਅਧਿਆਪਕਾਂ ਦੇ ਸਨਮਾਨ ਵਿੱਚ ਵੱਖ ਵੱਖ ਕਿਸਮ ਦੇ ਭਾਸ਼ਣ ਦਿੱਤੇ ਗਏ, ਕਵਿਤਾਵਾਂ ਸਮੇਤ ਬੱਚਿਆਂ ਵੱਲੋਂ ਆਪੋ-ਆਪਣੇ ਅਧਿਆਪਕਾਂ ਦੇ ਸਤਿਕਾਰ 'ਚ ਵਰਤੀ ਗਈ ਸ਼ਬਦਾਵਲੀ ਬਹੁਤ ਹੀ ਪ੍ਰਭਾਵਸ਼ਾਲੀ ਸੀ। ਅਧਿਆਪਕਾਂ ਨੇ ਵੀ ਬੱਚਿਆਂ ਨੂੰ ਆਪਣੇ ਗੁਰੂਆਂ ਸਮਾਨ ਅਧਿਆਪਕਾਂ ਦਾ ਹਮੇਸ਼ਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਮੈਡਮ ਸਮੀਨਾ ਖੁਰਾਣਾ, ਵਾਈਸ ਪ੍ਰਿੰਸੀਪਲ ਮੈਡਮ ਸਪਨਾ ਬਜਾਜ, ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਦੀਪਕ ਸਿੰਘ ਮੌਂਗਾ ਤੇ ਪ੍ਰਧਾਨ ਸੰਜੀਵ ਰਾਏ ਸ਼ਰਮਾ ਨੇ ਵੀ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਆਖਿਆ ਕਿ ਹਰ ਅਧਿਆਪਕ ਵਿਦਿਆਰਥੀਆਂ ਦੇ ਜੀਵਨ ਵਿੱਚ ਉਹ ਚਾਨਣ ਮੁਨਾਰਾ ਹੁੰਦਾ ਹੈ, ਜੋ ਹਮੇਸ਼ਾ ਆਪਣੇ ਗਿਆਨ ਦੀ ਰੌਸ਼ਨੀ ਵੰਡਦਾ ਰਹਿੰਦਾ ਹੈ।

## ਹੁਸ਼ਿਆਰ ਬੱਚਿਆਂ ਦਾ ਸਨਮਾਨ ਸਮਾਰੋਹ ਅਧਿਆਪਕ ਦਿਵਸ ਨੂੰ ਸਮਰਪਤ

**ਕੋਟਕਪੂਰਾ (ਰਛਪਾਲ ਭੁੱਲਰ)**-ਸੇਵਾਮੁਕਤ ਅਧਿਆਪਕਾ ਮੈਡਮ ਬਲਜੀਤ ਕੌਰ ਬਰਾੜ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਗਾੜੀ ਦੇ ਹੁਸ਼ਿਆਰ ਤੇ ਹੋਣਹਾਰ ਬੱਚਿਆਂ ਦਾ ਸਨਮਾਨ ਕਰਕੇ ਅਧਿਆਪਕ ਦਿਵਸ ਨੂੰ ਸਮਰਪਤ ਕੀਤਾ। 'ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੁਸਾਇਟੀ' ਦੇ ਵਿੱਤ ਸਕੱਤਰ ਮਾ. ਐੱਸ. ਐੱਸ. ਸੁਨਾਮੀ ਮੁਤਾਬਿਕ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਕੌਸ਼ਲ ਨੇ ਅਧਿਆਪਕ ਦਿਵਸ ਦੀ ਮਹੱਤਤਾ ਤੇ ਵਰਤਮਾਨ ਹਲਾਤਾਂ ਬਾਰੇ ਵਿਦਿਆਰਥੀਆਂ ਮੂਹਰੇ ਹਰ ਕਿਸਮ ਦੇ ਨੁਕਤੇ ਰੱਖੇ। ਕੁਲਵੰਤ ਸਿੰਘ ਚਾਨੀ, ਮਨਦੀਪ ਸਿੰਘ ਮਿੱਟੂ ਗਿੱਲ, ਗੁਰਿੰਦਰ ਸਿੰਘ ਮਹਿੰਦੀਰੱਤਾ ਸਮੇਤ ਸੇਵਾਮੁਕਤ ਡੀ.ਈ.ਓ. ਮੈਡਮ ਪ੍ਰਭਜੋਤ ਕੌਰ ਨੇ ਵਿਦਿਆਰਥੀ-ਵਿਦਿਆਰਥਣਾਂ ਨੂੰ ਅਨੁਸ਼ਾਸਨ ਦੀ ਪਾਲਣਾ ਕਰਦਿਆਂ ਨੈਤਿਕ ਸਿੱਖਿਆ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ। ਅੰਤ 'ਚ ਸਕੂਲ ਮੁਖੀ ਪ੍ਰਿੰਸੀਪਲ ਪ੍ਰਦੀਪ ਕੁਮਾਰ ਸਮੇਤ ਸਮੂਹ ਸਟਾਫ ਤੇ ਮੁੱਖ ਮਹਿਮਾਨ ਦਾ ਸੁਸਾਇਟੀ ਵੱਲੋਂ ਵਿਸ਼ੇਸ਼ ਸਨਮਾਨ ਹੋਇਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸੀਨੀਅਰ ਪੈਨਸ਼ਨਰ ਆਗੂ ਵੇਦ ਪ੍ਰਕਾਸ਼ ਸ਼ਰਮਾ ਸਮੇਤ ਹੋਰ ਵੀ ਪਤਵੰਤੇ ਹਾਜ਼ਰ ਸਨ।

## ਬਾਬਾ ਫਰੀਦ ਕਾਲਜ ਆਫ ਨਰਸਿੰਗ 'ਚ ਅਧਿਆਪਕ ਦਿਵਸ ਸਮਾਰੋਹ

**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਬਾਬਾ ਫਰੀਦ ਕਾਲਜ ਆਫ ਨਰਸਿੰਗ 'ਚ ਅਧਿਆਪਕਾਂ ਦੇ ਸਨਮਾਨ 'ਚ ਵਿਦਿਆਰਥੀਆਂ ਵੱਲੋਂ ਇੱਕ ਸਮਾਰੋਹ ਕੀਤਾ ਗਿਆ, ਜਿਸ ਵਿੱਚ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ ਸੱਭਿਆਚਾਰਕ ਗਤੀਵਿਧੀਆਂ 'ਚ ਹਿੱਸਾ ਲਿਆ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਜੀਤ ਸਿੰਘ ਢਿੱਲੋਂ, ਡਿਪਟੀ ਡਾਇਰੈਕਟਰ ਡਾ: ਪ੍ਰੀਤਮ ਸਿੰਘ ਛੋਕਰ, ਪ੍ਰਬੰਧਕ ਅਫਸਰ ਹਰਪ੍ਰੀਤ ਸਿੰਘ ਢਿੱਲੋਂ, ਪ੍ਰਿੰਸੀਪਲ ਡਾ: ਗੁਰਜੀਤ ਕੌਰ ਨੇ ਕਾਲਜ ਦੀ ਉੱਨਤੀ 'ਚ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਿੱਖਿਆ ਕਿਸੇ ਵੀ ਰੂਪ 'ਚ ਜਾਂ ਉਮਰ ਦੇ ਕਿਸੇ ਪੜਾਅ ਵਿੱਚ ਹੋਵੇ 'ਗੁਰੂ ਚੇਲਾ' ਪ੍ਰੰਪਰਾ ਭਾਰਤ ਦੀ ਸੰਸਕ੍ਰਿਤੀ ਦਾ ਅਹਿਮ ਹਿੱਸਾ ਰਿਹਾ ਹੈ। ਪ੍ਰਿੰਸੀਪਲ ਡਾ. ਗੁਰਜੀਤ ਕੌਰ ਨੇ ਅਧਿਆਪਕ ਦਿਵਸ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਦਾ ਜਨਮ ਦਿਵਸ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਰੂਪ 'ਚ ਮਨਾਇਆ ਜਾਂਦਾ ਹੈ, ਕਿਉਂਕਿ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਇੱਕ ਮਹਾਨ ਦਾਰਸਨਿਕ, ਅਧਿਆਪਕ ਅਤੇ ਭਾਰਤ ਦੇ ਪਹਿਲੇ ਉੱਪ ਰਾਸ਼ਟਰਪਤੀ ਤੇ ਦੂਜੇ ਰਾਸ਼ਟਰਪਤੀ ਸਨ। ਉਨ੍ਹਾ ਨੇ ਵਿਦਿਆਰਥੀਆਂ ਨੂੰ ਅਧਿਆਪਕ ਦੇ ਸਨਮਾਨ ਲਈ ਕਰਵਾਏ ਗਏ ਉਕਤ ਪ੍ਰੋਗਰਾਮ ਲਈ ਆਸ਼ੀਰਵਾਦ ਦਿੰਦਿਆਂ ਸਟਾਫ ਨੂੰ ਅਧਿਆਪਕ ਦਿਵਸ ਮੌਕੇ ਸ਼ੁੱਭ-ਇੱਛਾਵਾਂ ਦਿੱਤੀਆਂ।

## ਕੰਨਿਆ ਕੰਪਿਊਟਰ ਸੈਂਟਰ ਦੀਆਂ ਅਧਿਆਪਕਾਵਾਂ ਸਨਮਾਨਤ

**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਪੁਰਾਣੀ ਦਾਣਾ ਮੰਡੀ 'ਚ ਅਰੋੜਬੰਸ ਸਭਾ ਵੱਲੋਂ ਚਲਾਏ ਜਾ ਰਹੇ ਭਾਈ ਆਸਾ ਸਿੰਘ ਯਾਦਗਾਰੀ ਕੰਨਿਆ ਕੰਪਿਊਟਰ ਸੈਂਟਰ ਦੇ ਅਧਿਆਪਕਾਂ ਨੂੰ ਸਨਮਾਨਤ ਕਰਨ ਲਈ ਰੱਖੇ ਸਮਾਗਮ ਮੌਕੇ ਬੁਲਾਰਿਆਂ ਨੇ ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਤੇ ਅਧਿਆਪਕ ਦਿਵਸ ਦੀਆਂ ਸਾਰਿਆਂ ਨੂੰ ਮੁਬਾਰਕਾਂ ਦਿੱਤੀਆਂ। ਸਭਾ ਦੇ ਪ੍ਰਧਾਨ ਮਨਿੰਦਰ ਸਿੰਘ ਮਿੰਕੂ ਮੱਕੜ ਤੇ ਡਾਇਰੈਕਟਰ ਮੋਹਨ ਲਾਲ ਗੁਲਾਟੀ ਨੇ ਜਿੱਥੇ ਕੰਪਿਊਟਰ ਸੈਂਟਰ ਦੀ ਕਾਰਗੁਜ਼ਾਰੀ ਤੇ ਸਭਾ ਦੇ ਸੇਵਾ ਕਾਰਜਾਂ ਸਬੰਧੀ ਚਾਨਣਾ ਪਾਇਆ, ਉੱਥੇ ਸੈਂਟਰ 'ਚ ਵਧੀਆ ਸੇਵਾਵਾਂ ਦੇ ਰਹੀਆਂ ਅਧਿਆਪਕਾਵਾਂ ਦੀ ਕਾਰਗੁਜ਼ਾਰੀ ਦੀ ਵੀ ਪ੍ਰਸ਼ੰਸਾ ਕੀਤੀ। ਸਭਾ ਦੇ ਸਰਪ੍ਰਸਤ ਜਗਦੀਸ਼ ਛਾਬੜਾ, ਗੁਰਿੰਦਰ ਸਿੰਘ ਮਹਿੰਦੀਰੱਤਾ, ਮਨਮੋਹਨ ਸਿੰਘ ਚਾਵਲਾ ਆਦਿ ਨੇ ਵੱਖ ਵੱਖ ਉਦਾਹਰਨਾਂ ਦੇ ਕੇ ਸਮਝਾਇਆ ਕਿ ਅੱਜ ਅਧਿਆਪਕ ਦਿਵਸ ਵਾਲੇ ਅਜਿਹੇ ਸਮਾਗਮਾਂ ਮੌਕੇ ਸਾਨੂੰ ਕੁਝ ਪ੍ਰਣ ਕਰਨ ਦੀ ਜ਼ਰੂਰਤ ਹੈ ਤਾਂ ਜੋ ਅਸੀਂ ਤੰਦਰੁਸਤ ਸਮਾਜ ਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਵਿੱਚ ਬਣਦਾ ਯੋਗਦਾਨ ਪਾ ਸਕੀਏ। ਕ੍ਰਿਸ਼ਨ ਲਾਲ ਕੁਕਰੇਜਾ ਤੇ ਗੁਰਮੀਤ ਸਿੰਘ ਮੱਕੜ ਨੇ ਜਿੱਥੇ ਨਵੇਂ ਬਣੇ ਪ੍ਰਧਾਨ ਅਰੁਣ ਚਾਵਲਾ ਕੌਂਸਲਰ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ, ਉੱਥੇ ਅਧਿਆਪਕ ਦਿਵਸ ਦੀ ਖੁਸ਼ੀ ਵਿੱਚ ਮੈਡਮ ਰਾਣੋ ਗਰਗ, ਮੈਡਮ ਜੋਤੀ ਅਰੋੜਾ ਤੇ ਮੈਡਮ ਨੀਲਮ ਰਾਣੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਡਿੱਪੂ 'ਚ ਨੋ ਡਿਟੈਨਸ਼ਨ ਡੇਅ ਮਨਾਇਆ

**ਜਗਰਾਉਂ (ਨਛੱਤਰ ਸੰਧੂ)**-ਪੰਜਾਬ ਰੋਡਵੇਜ਼ ਡਿਪੂ ਵੱਲੋਂ ਟਰਾਂਸਪੋਰਟ ਮੰਤਰੀ ਸ੍ਰੀ ਲਾਲਜੀਤ ਸਿੰਘ ਭੁੱਲਰ, ਸ੍ਰੀ ਦਿਲਰਾਜ ਸਿੰਘ ਸੰਧਾਵਾਲੀਆ ਸਕੱਤਰ ਪੰਜਾਬ ਸਰਕਾਰ ਟਰਾਂਸਪੋਰਟ ਵਿਭਾਗ ਦੀ ਰਹਿਨੁਮਾਈ ਹੇਠ ਮੈਡਮ ਅਮਨਦੀਪ ਕੌਰ ਡਾਇਰੈਕਟਰ ਸਟੇਟ ਟਰਾਂਸਪੋਰਟ, ਡਿਪਟੀ ਡਾਇਰੈਕਟਰ ਸ੍ਰੀ ਪ੍ਰਨੀਤ ਸਿੰਘ ਮਿਨਹਾਸ ਤੇ ਸ੍ਰੀ ਗੁਰਸੇਵਕ ਸਿੰਘ ਰਾਜਪਾਲ ਜਨਰਲ ਮੈਨੇਜਰ ਉਪਰੇਸ਼ਨ ਦੇ 

page-6-8-(SEP)-2023-G-(BV).qxd 9/7/2023 11:25 PM Page 1



## ਫਿਲੌਰ ਵਿਖੇ ਧੜੱਲੇ ਨਾਲ ਹੋ ਰਹੀ ਨਜਾਇਜ਼ ਮਾਈਨਿੰਗ

ਫਿਲੌਰ ( ਨਿਰਮਲ )- ਇਸੇ ਤਰ੍ਹਾਂ ਦਾ ਮਾਮਲਾ ਫਿਲੌਰ ਦੇ ਨਜ਼ਦੀਕ ਮੰਡ ਇਲਾਕੇ ਵਿੱਚ ਵੀ ਸਾਹਮਣੇ ਆਇਆ। ਜਿੱਥੇ ਇੱਕ ਰੇਤੇ ਦੀ ਭਰੀ ਹੋਈ ਟਰਾਲੀ ਮਿਲਣ ਦੀ ਸੂਚਨਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪ੍ਰਵੀਨ ਸਿੰਘ ਸੰਧੀ ਗੁਰਾਇਆ ਨੂੰ ਮਿਲੀ। ਜਿਨ੍ਹਾਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਆਪਣੇ ਆਮ ਆਦਮੀ ਪਾਰਟੀ ਦੇ ਸਾਥੀਆਂ ਨਾਲ ਮਾਈਨਿੰਗ ਕਰਨ ਵਾਲੀ ਜਗ੍ਹਾ 'ਤੇ ਪਹੁੰਚ ਗਏ । ਜਿੱਥੇ ਜਾ ਕੇ ਉਨ੍ਹਾਂ ਦੇਖਿਆ ਤਾਂ ਰੇਤ ਚੋਰੀ ਕਰਨ ਵਾਲਿਆਂ ਪਤਾ ਨਹੀਂ ਕਿੱਥੋਂ ਸੂਹ ਮਿਲ ਗਈ ਕਿ ਉਹ ਰੇਤੇ ਨਾਲ ਭਰੀ ਟਰੈਕਟਰ ਟਰਾਲੀ ਨੂੰ ਖਾਲੀ ਕਰਕੇ ਉੱਥੋਂ ਕੱਢ ਕੇ ਲੈ ਗਏ । ਮੌਕੇ ਤੇ ਰੇਤਾ ਉਥੇ ਹੀ ਢੇਰੀ ਕਰ ਗਏ ਸਨ। ਜਿਸ ਨਾਲ ਇਹ ਗੱਲ ਤਾਂ ਸਾਬਤ ਹੋ ਗਈ ਕਿ ਇਸ ਜਗ੍ਹਾ ਤੇ ਰੇਤ ਮਾਇਨਿੰਗ ਧੜੱਲੇ ਨਾਲ ਹੋ ਰਹੀ ਹੈ।

ਉਨ੍ਹਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਗਰ ਕੋਈ ਰੇਤ ਚੋਰੀ ਕਰਦਾ ਫੜਿਆ ਗਿਆ ਤਾਂ ਉਸ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਉਹ ਚਾਹੇ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦਾ ਹੋਵੇ। ਉਨ੍ਹਾਂ ਰੇਤ ਮਾਫੀਆ ਵਾਲਿਆਂ ਨੂੰ ਚੇਤਾਵਨੀ ਦਿੱਤੀ ਕਿ ਇਸ ਤਰ੍ਹਾਂ ਦੇ ਕੰਮ ਬੰਦ ਕਰ ਦੇਣ ਕਿਉਂਕਿ ਇਸ ਨਾਲ ਆਮ ਆਦਮੀ ਪਾਰਟੀ ਦਾ ਅਕਸ ਖਰਾਬ ਹੁੰਦਾ ਹੈ।

## ਨੌਜਵਾਨ ਦਰਿਆ 'ਚ ਰੁੜ੍ਹਿਆ

ਸ਼ਾਹਕੋਟ(ਗਿਆਨ ਸੈਦਪੁਰੀ)-ਤਲਵੰਡੀ ਬੂਟਿਆਂ ਦੇ ਇੱਕ ਨੌਜਵਾਨ ਦੀ ਦਰਿਆ ਸਤਲੁਜ ਵਿੱਚ ਰੁੜ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ।

ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਤਲਵੰਡੀ ਬੂਟਿਆਂ ਦਾ ਨੌਜਵਾਨ ਦਮਨਪ੍ਰੀਤ ਸਿੰਘ ਸਤਲੁਜ ਦਰਿਆ ਵਿੱਚ ਨਹਾਉਣ ਗਿਆ ਰੁੜ ਗਿਆ। ਏ. ਐਸ. ਆਈ. ਕਸ਼ਮੀਰ ਸਿੰਘ ਨੇ ਦੱਸਿਆ ਕਿ ਸ਼ਾਹਕੋਟ ਤਹਿਸੀਲ ਦੇ ਪਿੰਡ ਚੱਕ ਰਾਮੇ ਕੋਲ ਜਿੱਥੇ ਰੇਤਾ ਦਾ ਕੰਡਾ ਲੱਗਾ ਹੋਇਆ ਹੈ, ਉੱਥੇ ਦਮਨਪ੍ਰੀਤ ਸਿੰਘ ਦੇ ਦਰਿਆ ਸਤਲੁਜ ਵਿੱਚ ਰੁੜ ਜਾਣ ਦੀ ਸੂਚਨਾ ਹੈ।

ਉਨ੍ਹਾਂ ਦੀ ਜਾਣਕਾਰੀ ਅਨੁਸਾਰ ਸਿਵਲ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ ਅਤੇ ਗੋਤਾਖੋਰਾਂ ਦੀ ਟੀਮ ਵੱਲੋਂ ਨੌਜਵਾਨ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਦਮਨਪ੍ਰੀਤ ਦੋ ਭੈਣਾਂ ਦਾ ਇੱਕਲੌਤਾ ਭਰਾ ਹੈ।


### COURT NOTICE

In the Court of
Ms. Anuradha
Addl. Civil Judge
(Senior Division), Nabha
CNR No. PBPTB0-000617-2023
Next Date : 4.10.2023
Harinder Singh
Versus
General Public
Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.10.2023 at 10.00 a.m.

For details logon to https://highcourtchd.gov.in/?trs=district notice&district=Patiala

Addl. Civil Judge (Senior Division), Nabha
Dated, this day of 5.9.2023

### COURT NOTICE

In the Court of
Dr. Sushil Bodh
Addl. Civil Judge
(Senior Division), Rupnagar.
CNR No. PBRO02-000134-2022
Next Date : 28.9.2023
Rahul Jaggi S/o Late Rajiv Jaggi Proprietor of Hemkunt Sahib Trading CO R/o No. P-10M Gahunia Enclave Rupnagar.
Versus
Shiva Construction Company
Suit for Recovery
Publication issued to : Shiva Construction Company -Opposite Rikhia Auto Spares Near Western Union Gagan Travels Near Batala Bus Stand Batala through its Proprietor 2nd Address H.No. 35, Walia Mansion Urban Estate Batala Opposite Community Centre Qadian Road Batala Pin Code-143505

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 28.9.2023 at 10.00 a.m.

For details logon to https://highcourtchd.gov.in/?trs=district notice&district=ropar

Addl. Civil Judge (Senior Division), Rupnagar.
Dated, this day of 4.9.2023

### COURT NOTICE

In the Court of
Ms. Roopa Dhaliwal
Addl. Civil Judge (Senior Division), Malerkotla.
Succ/16/2023
CNR No. PBSGC0-001029-2023
Next Date : 16.10.2023
1. Sukhwinder Kaur W/o Pahara Singh 2. Parminderpal Singh S/o Pahara Singh 3. Inderpal Singh S/o Pahara Singh all R/o Maherna Kalan, Tehsil and Distt. Ludhiana.
Versus
General Public
Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 16.10.2023 at 10.00 a.m.

For details logon to https://highcourtchd.gov.in/?trs=district notice & district=Sangrur

Addl. Civil Judge (Senior Division), Malerkotla.
Dated, this day of 4.9.2023

### COURT NOTICE

In the Court of
Sh. Tarntaran Singh Bindra
Addl. Distt. and Sessions Judge-V, Jalandhar.
CNR No. PBJL01-004003-2023
Next Date : 3.10.2023
Navneet Kaur
Versus
Prabhjit Singh
Publication issued to : 1. Prabhjit Singh S/o Shri Amarjit Singh R/o 12-13 C, Jain Colony, Near Gulab Devi Hospital Jalandhar having his office at 164/72, Ambedkar Nagar, Jalandhar City. 2. Satbeer Singh S/o Amarjit Singh R/o 53-D, Professor Colony, Yamuna Nagar (Haryana).

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.10.2023 at 10.00 a.m.

For details logon to https://highcourtchd.gov.in/?trs=district notice & district=Jalandhar

Addl. Distt. and Sessions Judge-V, Jalandhar.
Dated, this day of 1.9.2023

### COURT NOTICE

In the Court of
Ms. Shruti
Judicial Magistrate-Ist Class, Ludhiana.
CNR No. PBLD03-020876-2017
Next Date : 13.10.2023
HDFC Bank
Versus
Manpreet Singh
Publication issued to : Gurpreet Singh R/o Vill. Kotali Aulakh, Tehsil Amritsar, Distt. Amritsar, Punjab-143001

In above titled case, the accused could not be served. It is ordered that accused should appear in person or through counsel on 13.10.2023 at 10.00 a.m.

For details logon to https://highcourtchd.gov.in/?trs=district notice & district=Ludhiana

Judicial Magistrate-Ist Class, Ludhiana.
Dated, this day of 28.8.2023

### COURT NOTICE

In the Court of
Ms. Parvinder Kaur
Addl. Civil Judge (Senior Division), Zira.
CNR No. PBFZAO-000843-2019
Next Date : 27.9.2023
Fateh Singh
Versus
Bachhittar Singh
Publication issued to: Bachhittar Singh F/o Rashi Singh R/o Basti Machhian Zira at present R/o house of Gurmit Singh Aarewala Kalgidhar Nagar, Gadriwala Ferozepur Road Zira.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 27.9.2023 at 10.00 a.m.

For details logon to https://highcourtchd.gov.in/?trs=district notice & district=Ferozepur

Addl. Civil Judge (Senior Division), Zira
Dated, this day of 25.8.2023

### ਉਤਰ ਰੇਲਵੇ
ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁ. ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 27.09.2023 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਜਗ੍ਹਾ ''ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ'' ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ 'ਤੇ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 04.09.2023 | ਬੋਲੀ ਸ਼ੁਰੂ ਦੀ ਮਿਤੀ | 13.09.2023 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 27.09.2023 15:00 ਵਜੇ |

| ਲ.ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1. | 169-2023-24-ADEN-1 FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਲੁਧਿਆਣਾ-ਫਿਰੋਜਪੁਰ ਸੈਕਸ਼ਨ ਵਿਚ ਮੋਗਾ, ਅਜਿਤਵਾਲ, ਜਗਰਾਵਾ, ਮੁਲਾਂਪੁਰ ਵਿਚ ਵਪਾਰੀਆਂ ਦੇ ਲਈ ਸ਼ੈਲਾਲਯ, ਬੇਂਚ, ਸ਼ੇਡ ਆਦਿ ਜਿਹੀਆਂ ਬੁਨਿਆਦੀ ਸਹੂਲਤਾਂ ਦਾ ਪ੍ਰਾਵਧਾਨ ਅਤੇ ਹੋਰ ਵਿਵਿਧ ਸੁਧਾਰ ਕੰਮ। | | | |
| ਵਿਗਿਆਪਨ ਮੁੱਲ | | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| ₹2,22,52,821.10 | | ₹2,61,300/- | 60 ਦਿਨ | 08 ਮਹੀਨੇ | |
| ਸਮਾਨ ਨੇਚਰ ਦਾ ਕੰਮ - ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ | | | | | |
| 2. | 170-2023-24-ADEN-1 FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਸੇਕਸ਼ਨ ਵਿਚ ਭਾਰੀ ਬਾਰਸ਼ ਦੇ ਦੌਰਾਨ LHS ਦਾ ਜਲ ਨਿਕਾਸੀ ਦਾ ਕੰਮ ਕਰਨ ਲਈ। | | | |
| ਵਿਗਿਆਪਨ ਮੁੱਲ | | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| ₹28,67,964.93 | | ₹57,400/- | 60 ਦਿਨ | 12 ਮਹੀਨੇ | |
| ਸਮਾਨ ਨੇਚਰ ਦਾ ਕੰਮ - ਕੋਈ ਨਹੀਂ | | | | | |
| 3. | 171-2023-24-ADEN-1 FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਅਧਿਕਾਰ ਖੇਤਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ਫਿਰੋਜਪੁਰ ਦੇ ਸੈਕਸ਼ਨ ਵਿਚ ਫਿਰੋਜਪੁਰ ਵਿਚ ਕਲੋਨੀ ਨੰਬਰ 1 ਤੋਂ 4 ਵਿਚ ਦਰਵਾਜਿਆਂ ਅਤੇ ਖਿੜਕੀਆਂ ਦੀ ਭਾਰੀ ਮੁਰੰਮਤ ਅਤੇ ਪ੍ਰਤੀਸਥਾਪਨ ਅਤੇ ਸਟਾਫ ਕਲੋਨੀਆਂ, ਸਰਵਿਸ ਰੋਡ ਅਤੇ ਸਟੇਸ਼ਨ ਵਿਚ ਸੜਕਾਂ ਦੀ ਭਾਰੀ ਮੁਰੰਮਤ ਅਤੇ ਨਵੀਨੀਕਰਨ ਕੰਮ ਕਰਨ ਲਈ। | | | |
| ਵਿਗਿਆਪਨ ਮੁੱਲ | | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| ₹98,34,889.67 | | ₹1,96,700/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ - ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ | | | | | |
| 4. | 172-2023-24-ADEN-1 FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਸੇਕਸ਼ਨ ਵਿਚ 700 ਮਿਮੀ ਅੰਦਰੂਨੀ ਵਿਆਸ ਵਾਲੀ ਡੀ.ਆਈ. ਤੋਂ ਗੁਜਰਨ ਵਾਲੀ 500 ਮਿਮੀ ਅੰਦਰੂਨੀ ਵਿਆਸ ਵਾਲੀ ਪਾਣੀ ਦੀ ਸਪਲਾਈ ਪਾਈਪ ਲਾਈਨ ਨੂੰ ਪਾਰ ਕਰਨਾ। ਅਨੇਕੋਸਿੰਗ ਪਾਈਪ K-7 ਅਤੇ 900 ਮਿਮੀ ਅੰਦਰੂਨੀ ਵਿਆਸ ਐਮ.ਐਸ. ਕੋਟਕਪੂਰਾ-ਫਾਜਿਲਕਾ ਸੈਕਸ਼ਨ ਤੇ ਕਿਮੀ 63/4-5 ਅਤੇ 67/4-5 ਤੇ ਰੇਲਵੇ ਟ੍ਰੈਕ ਦੇ ਹੇਠਾਂ ਹੋਵੀ ਡਿਊਟੀ ਕੋਸਿੰਗ ਪਾਈਪ | | | |
| ਵਿਗਿਆਪਨ ਮੁੱਲ | | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| ₹57,08,647/- | | ₹1,14,200/- | 60 ਦਿਨ | 04 ਮਹੀਨੇ | |
| ਸਮਾਨ ਨੇਚਰ ਦਾ ਕੰਮ - ਪਾਈਪ ਅਤੇ ਬਾਕਸ ਪੁਸ਼ਿੰਗ ਤਕਨੀਕ ਦੇ ਨਾਲ ਪੁਲ ਦਾ ਨਿਰਮਾਣ/ਜਮੀਨਦੋਜ ਕੇਬਲ/ ਪਾਈਪ ਲਾਈਨ ਆਦਿ ਨੂੰ ਪਾਰ ਕਰਨਾ। | | | | | |
| 5. | 173-2023-24-ADEN-1 FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਸਬੰਧ ਵਿਚ ਜਲੰਧਰ ਸਿਟੀ-ਫਿਰੋਜਪੁਰ ਸੈਕਸ਼ਨ ਤੇ ਰੇਲਵੇ ਸਟੇਸ਼ਨ। ਅਤੇ ਵਿਵਿਧ ਕੰਮ ਫਿਰੋਜਪੁਰ ਕੈਂਟ ਵਿਚ 12.00 ਮੀਟਰ ਚੌੜੇ ਫੁਟ ਓਵਰ ਬ੍ਰਿਜ ਦੇ ਪ੍ਰਾਵਧਾਨ ਦੇ ਸਬੰਧ ਵਿਚ। | | | |
| ਵਿਗਿਆਪਨ ਮੁੱਲ | | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| ₹4,29,12,930.93 | | ₹3,64,600/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ - ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ | | | | | |
| 6. | 174-2023-24-ADEN-1 FZR | ਵੱਖ-ਵੱਖ ਕੰਮ ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਸਬੰਧ ਵਿਚ ਬਠਿੰਡਾ-ਫਿਰੋਜਪੁਰ ਸੈਕਸ਼ਨ ਉਤੇ ਕੋਟਕਪੂਰਾ ਰੇਲਵੇ ਸਟੇਸ਼ਨ ਤੇ ਦਿਵਯਾਂਗਜਨਾਂ ਦੇ ਲਈ 12.00 ਮੀਟਰ ਚੌੜੇ ਫੁਟ ਓਵਰ ਬ੍ਰਿਜ ਇੰਟਰ ਪਲੇਟਫਾਰਮ ਮੂਵਮੇਂਟ ਦੇ ਪ੍ਰਾਵਧਾਨ ਦੇ ਸਬੰਧ ਵਿਚ ਕੰਮ। | | | |
| ਵਿਗਿਆਪਨ ਮੁੱਲ | | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| ₹4,48,16,526.06 | | ₹3,74,100/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ - ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ | | | | | |
| 7. | 175-2023-24-ADEN-1 FZR | ਵੱਖ-ਵੱਖ ਕੰਮ ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ ਕੋਟਕਪੂਰਾ-ਫਾਜਿਲਕਾ ਸੈਕਸ਼ਨ ਉਤੇ ਮੁਕਤਸਰ ਰੇਲਵੇ ਸਟੇਸ਼ਨ ਤੇ ਦਿਵਯਾਂਗਜਨਾਂ ਦੇ ਲਈ 12.00 ਮੀਟਰ ਚੌੜੇ ਫੁਟ ਓਵਰ ਬ੍ਰਿਜ ਇੰਟਰ ਪਲੇਟਫਾਰਮ ਮੂਵਮੇਂਟ ਦੇ ਪ੍ਰਾਵਧਾਨ ਦੇ ਸਬੰਧ ਵਿਚ ਕੰਮ। | | | |
| ਵਿਗਿਆਪਨ ਮੁੱਲ | | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| ₹2,51,83,862.92 | | ₹2,75,900/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ - ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ | | | | | |
| 8. | 176-2023-24-ADEN-1 FZR | ਵੱਖ-ਵੱਖ ਕੰਮ ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਸਬੰਧ ਵਿਚ ਲੁਧਿਆਣਾ-ਫਿਰੋਜਪੁਰ ਸੈਕਸ਼ਨ ਉਤੇ ਮੋਗਾ ਰੇਲਵੇ ਸਟੇਸ਼ਨ ਤੇ ਦਿਵਯਾਂਗਜਨਾਂ ਦੇ ਲਈ 12.00 ਮੀਟਰ ਚੌੜੇ ਫੁਟ ਓਵਰ ਬ੍ਰਿਜ ਇੰਟਰ ਪਲੇਟਫਾਰਮ ਮੂਵਮੇਂਟ ਦੇ ਪ੍ਰਾਵਧਾਨ ਦੇ ਸਬੰਧ ਵਿਚ ਕੰਮ। | | | |
| ਵਿਗਿਆਪਨ ਮੁੱਲ | | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ | |
| ₹2,17,69,544.96 | | ₹2,58,900/- | 60 ਦਿਨ | 06 ਮਹੀਨੇ | |
| ਸਮਾਨ ਨੇਚਰ ਦਾ ਕੰਮ - ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ | | | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ: 169, 170, 171, 172, 173, 174, 175 & 176-2023-24-ADEN-1-FZR ਤਾਰੀਕ : 04.09.2023 2784/2023

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਕਲਾਸੀਫਾਈਡ ਇਸ਼ਤਿਹਾਰ

### Public Notice

I Desh Raj S/O Ram Lal R/O Village Dera Gajisalar, Rajla Tehsil Samana (Patiala) declare that Desh Raj and Des Raj both names are same and one person.

### ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 24-562 (3005308041) ਜੋ ਸ੍ਰੀਮਤੀ ਕਨਿਕਾ ਅਗਰਵਾਲ ਪਤਨੀ ਸ੍ਰੀ ਨਮਿਤ ਅਗਰਵਾਲ ਵਾਸੀ ਪਿੰਡ ਅਤੇ ਡਾਕ: ਚੱਕ ਸਾਧੂ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਂਅ 'ਤੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਰੇਖਾ ਗੁਪਤਾ ਪਤਨੀ ਪਰਦੀਪ ਗੁਪਤਾ ਵਾਸੀ ਪਿੰਡ ਤੇ ਡਾਕ: ਚੱਕ ਸਾਧੂ ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਨਾਂਅ ਕਰਵਾਉਣਾ ਚਾਹੁੰਦੀ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਏ ਈ ਈ ਸਿਵਲ ਲਾਈਨ ਸਬ ਡਵੀਜ਼ਨ ਪਾਵਰ ਹੁਸ਼ਿਆਰਪੁਰ ਨਾਲ ਸੰਪਰਕ ਕਰੇ। (ਹਿਤੇਸ਼)

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 04/409 ਸ਼ਿੰਗਾਰਾ ਸਿੰਘ ਪੁੱਤਰ ਰਤਨ ਸਿੰਘ ਵਾਸੀ ਖੈਰੂਲਾਪੁਰ ਤੋਂ ਨਾਂਅ ਬਦਲੀ ਕਰਕੇ ਬਲਜਿੰਦਰ ਕੌਰ ਪਤਨੀ ਗਿਆਨ ਸਿੰਘ ਪਿੰਡ ਖੈਰੂਲਾਪੁਰ (ਜਲੰਧਰ) ਦੇ ਨਾਂਅ 'ਤੇ ਕਰਨਾ ਹੈ। ਕੋਈ ਵੀ ਇਤਰਾਜ਼ 30 ਦਿਨਾਂ ਦੇ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮ. ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਜੈਪਾਲ)

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 34/8447 ਮਲਕੀਤ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਖੈਰੂਲਾਪੁਰ ਤੋਂ ਨਾਂਅ ਬਦਲੀ ਕਰਕੇ ਸੁਖਜੀਤ ਸਿੰਘ ਪੁੱਤਰ ਗਿਆਨ ਸਿੰਘ ਪਿੰਡ ਖੈਰੂਲਾਪੁਰ (ਜਲੰਧਰ) ਦੇ ਨਾਂਅ 'ਤੇ ਕਰਨਾ ਹੈ। ਕੋਈ ਵੀ ਇਤਰਾਜ਼ 30 ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮ. ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਜੈਪਾਲ)

ਮੈਂ ਜੀਤੋ ਰਾਣੀ ਪਤਨੀ ਤੇਜ਼ੂ ਰਾਮ ਮੁਹੱਲਾ ਸਾਦੀ ਖਾਨ ਮਹਿਤਪੁਰ ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਆਪਣੀਆਂ ਲੜਕੀਆਂ ਮਾਣੀ, ਸੋਨੀਆ, ਮੀਨਾ, ਨੂੰਹ ਮੋਨਿਕਾ ਅਤੇ ਪੋਤਰੇ ਸੌਰਵ ਰਾਏ ਨੂੰ ਪਿਛਲੇ ਦਿਨੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ

8-SEP-PAGE-7.qxd 9/7/2023 11:01 PM Page 1



# ਮੁਆਵਜ਼ਾ ਨਾ ਮਿਲਣ ਤੇ ਹੋਰ ਕਿਸਾਨੀ ਮਸਲਿਆਂ 'ਤੇ ਚਰਚਾ ਕੀਤੀ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)** ਪਿੰਡ ਭਿੰਡਰ ਕਲਾਂ ਵਿਖੇ ਨੰਬਰਦਾਰ ਗੁਰਦੇਵ ਸਿੰਘ ਤੂਰ ਭਿੰਡਰ ਕਲਾਂ ਨੇ ਬਾਜ ਸਿੰਘ ਬਹਿਰਾਮਕੇ ਦੇ ਪਰਵਾਰ ਨੂੰ ਯਾਦ ਕੀਤਾ ਤਾਂ ਉਨ੍ਹਾਂ ਨੂੰ ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੇ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ ਸਾਥੀਆਂ ਸਮੇਤ ਨੰਬਰਦਾਰ ਮਿਲਣ ਪਹੁੰਚੇ। ਬਹਿਰਾਮਕੇ ਨੇ ਨੰਬਰਦਾਰ ਗੁਰਦੇਵ ਸਿੰਘ ਤੂਰ ਤੋਂ ਅਸ਼ੀਰਵਾਦ ਲੈਂਦਿਆਂ ਕਿਹਾ ਕਿ ਅੱਜ ਮੌਜੂਦਾ ਹਾਲਾਤ ਮੁਤਾਬਕ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਨਾ ਮਿਲਣ 'ਤੇ ਹੋਰ ਕਿਸਾਨੀ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਅੰਦਰ ਕੁਝ ਸਿਆਸੀ ਤੇ ਅਫ਼ਸਰਸ਼ਾਹੀ ਦੀ ਸ਼ਹਿ 'ਤੇ ਨਸ਼ਾ ਤਸਕਰਾਂ ਵੱਲੋਂ ਚਿੱਟੇ ਦਾ ਵਪਾਰ ਜ਼ੋਰਾਂ 'ਤੇ ਚੱਲ ਰਿਹਾ ਹੈ। ਪੰਜਾਬ ਦੀ ਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੀ ਸਮੇਂ ਦੀ ਮੁੱਖ ਲੋੜ ਹੈ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਜਾਗਰੂਕ ਕਰਕੇ ਪਰਵਾਰਾਂ ਨੂੰ ਬਚਾਇਆ ਜਾ ਸਕੇ। ਦਹਾਕੇ ਤੋਂ ਕਿਸਾਨਾਂ ਦੇ ਹੱਕਾਂ ਦੀ ਰਾਖੀ ਕਰਦਿਆਂ ਨੰਬਰਦਾਰ ਗੁਰਦੇਵ ਸਿੰਘ ਤੂਰ ਨੇ ਦੱਸਿਆ ਕਿ ਮੈਂ ਬਾਜ ਸਿੰਘ ਬਹਿਰਾਮਕੇ ਨਾਲ ਕਈ ਵਾਰ ਜੇਲ੍ਹਾਂ ਕੱਟੀਆਂ ਤੇ ਆਵਦੇ ਵੱਲੋਂ ਵਿਸ਼ਵਾਸ ਦੁਆਇਆ ਕਿ ਅਸੀ ਤਾਂ ਹੁਣ ਬਜ਼ੁਰਗ ਹੋ ਗਏ ਹਾਂ ਪਰ ਸਾਡੇ ਸਾਰੇ ਪਰਵਾਰ ਬਹਿਰਾਮਕ ਜਥੇਬੰਦੀ ਦੇ ਨਾਲ ਚੱਟਾਨ ਵਾਂਗ ਖੜਾ ਹੈ ਤੇ ਕਿਸਾਨੀ ਸੰਘਰਸ਼ਸ਼ ਲਈ ਹਰ ਸਮੇਂ ਤਿਆਰ ਹਨ। ਇਸ ਮੌਕੇ ਤੋਤਾ ਸਿੰਘ ਐਗਜੇਕਟਿਵ ਮੈਂਬਰ, ਰਛਪਾਲ ਸਿੰਘ ਭਿੰਡਰ ਬਲਾਕ ਪ੍ਰਧਾਨ ਧਰਮਕੋਟ, ਨਿਰਭੈ ਸਿੰਘ, ਬਲਕਾਰ ਸਿੰਘ ਨੰਬਰਦਾਰ, ਭਗਵੰਤ ਸਿੰਘ, ਥਾਣੇਦਾਰ ਸੁਖਵਿੰਦਰ ਸਿੰਘ, ਐਡਵੋਕੇਟ ਸੁਰਜੀਤ ਸਿੰਘ, ਬਲਦੇਵ ਸਿੰਘ ਮੱਲ੍ਹੀ, ਪਰਜਿੰਦਰ ਸਿੰਘ ਤੂਰ, ਡਾਕਟਰ ਪੂਰਨ ਸਿੰਘ, ਉਂਕਾਰ ਸਿੰਘ, ਮਨਜੀਤ ਸਿੰਘ, ਭੁਪਿੰਦਰ ਸਿੰਘ, ਜਥੇਦਾਰ ਬਲਵੀਰ ਸਿੰਘ ਨਿਹੰਗ ਸਿੰਘ, ਜੱਸ ਗੜਾ ਤੇ ਕੁਲਜਿੰਦਰ ਸਿੰਘ ਸਿੱਧੂ ਆਦਿ ਕਿਸਾਨ ਆਗੂ ਹਾਜ਼ਰ ਸਨ।

## ਕਾਰ ਤੇ ਘੋੜਾ ਟਰਾਲਾ ਵਿਚਕਾਰ ਹੋਈ ਟੱਕਰ 'ਚ ਮਾਂ-ਪੁੱਤ ਸਣੇ 4 ਜ਼ਖ਼ਮੀ

**ਤਪਾ ਮੰਡੀ (ਅਰੁਣ ਗੋਇਲ)** ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਪੁਲਸ ਸਟੇਸ਼ਨ ਦੇ ਸਾਹਮਣੇ ਘੋੜਾ ਟਰਾਲਾ ਅਤੇ ਵਰਨਾ ਕਾਰ ਵਿਚਕਾਰ ਹੋਈ ਜ਼ਬਰਦਸਤ ਟੱਕਰ 'ਚ ਕਾਰ ਸਵਾਰ ਮਾਂ-ਪੁੱਤ ਸਮੇਤ ਚਾਰ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਮੀਤ ਕੌਰ ਪਤਨੀ ਜੁਗਰਾਜ ਸਿੰਘ, ਦੇਵ ਸਿੰਘ ਪੁੱਤਰ ਜੈਲ ਸਿੰਘ, ਸਤਨਾਮ ਸਿੰਘ ਪੁੱਤਰ ਜੁਗਰਾਜ ਸਿੰਘ ਤੇ ਪ੍ਰਿਤਪਾਲ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਅਰਨਾ ਸਿੰਘ ਵਾਲਾ ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ 'ਚ ਇੱਕ ਜ਼ਮਾਨਤ ਦੇਣ ਉਪਰੰਤ ਜਦ ਅਪਣੇ ਪਿੰਡ ਅਰਨਾ ਸਿੰਘ ਵਾਲਾ ਪਰਤ ਰਹੇ ਸੀ ਤਾਂ ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਸਥਿਤ ਪੁਲਸ ਸਟੇਸ਼ਨ ਨੇੜੇ ਇੱਕ ਘੋੜਾ ਟਰਾਲਾ ਬਠਿੰਡਾ ਵੱਲ ਜਾ ਰਿਹਾ ਸੀ ਤਾਂ ਇਕਦਮ ਬਰੇਕਾਂ ਲਾਈਆਂ ਤਾਂ ਪਿੱਛੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਆਕੇ ਵਿੱਚ ਲੱਗੀ ਤਾਂ ਕਾਰ 'ਚ ਸਵਾਰ 6 ਜਣਿਆਂ 'ਚੋਂ ਇੱਕ ਮਹਿਲਾ ਸਣੇ ਚਾਰ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਮਿੰਨੀ ਸਹਾਰਾ ਕਲੱਬ ਦੇ ਵਲੰਟੀਅਰਾਂ ਨੇ ਸਿਵਲ ਹਸਪਤਾਲ ਭਰਤੀ ਕਰਾਇਆ ਗਿਆ, ਪਰ ਹਾਲਤ ਗੰਭੀਰ ਦੇਖਦਿਆਂ ਇਨ੍ਹਾਂ ਨੂੰ ਬਾਹਰਲੇ ਹਸਪਤਾਲ ਰੈਫਰ ਕਰ ਦਿੱਤਾ ਗਿਆ। ਘਟਨਾ ਦਾ ਪਤਾ ਲੱਗਦੇ ਹੀ ਸੜਕ ਵਿਚਕਾਰ ਖੜੇ ਵਾਹਨਾਂ ਨੂੰ ਇੱਕ ਸਾਈਡ ਕਰਕੇ ਪ੍ਰਭਾਵਤ ਆਵਾਜਾਈ ਬਹਾਲ ਕਰਾਈ।

# ਡੀ ਸੀ ਨੇ ਪੰਜ ਰੋਜ਼ਾ ਬਾਬਾ ਫ਼ਰੀਦ ਸਾਹਿਤ ਮੇਲੇ ਦੇ ਪ੍ਰੋਗਰਾਮਾਂ ਦਾ ਕੈਲੰਡਰ ਕੀਤਾ ਜਾਰੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਸ਼ੇਖ਼ ਫ਼ਰੀਦ ਜੀ ਦੀ 850ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਪੰਜ ਰੋਜ਼ਾ ਬਾਬਾ ਫ਼ਰੀਦ ਸਾਹਿਤ ਮੇਲੇ ਦੇ ਪ੍ਰੋਗਰਾਮਾਂ ਦਾ ਕੈਲੰਡਰ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਨਿਰਮਲ ਓਸਪਚਨ ਸਮੇਤ ਜ਼ਿਲ੍ਹਾ ਭਾਸ਼ਾ ਅਫ਼ਸਰ ਸ੍ਰੀ ਮਨਜੀਤ ਪੁਰੀ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸ. ਗੁਰਦੀਪ ਸਿੰਘ ਮਾਨ, ਖੋਜ ਅਫ਼ਸਰ ਸ. ਕੰਵਰਜੀਤ ਸਿੰਘ ਸਿੱਧੂ, ਪ੍ਰੋ. ਰਾਜੇਸ਼ ਕੁਮਾਰ, ਪ੍ਰਿੰਸੀਪਲ ਸਰਕਾਰੀ ਬ੍ਰਿਜਿੰਦਰਾ ਕਾਲਜ, ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਸ. ਅਮਨਪ੍ਰੀਤ ਸਿੰਘ ਪ੍ਰਧਾਨ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.) ਅਤੇ ਰਾਜਪਾਲ ਸਿੰਘ ਸੰਧੂ ਹਾਜ਼ਰ ਹੋਏ। ਜ਼ਿਲ੍ਹਾ ਭਾਸ਼ਾ ਅਫ਼ਸਰ ਸ੍ਰੀ ਮਨਜੀਤ ਪੁਰੀ ਨੇ ਕਿਹਾ ਕਿ ਇਹ ਪੰਜ ਰੋਜ਼ਾ ਸਾਹਿਤ ਮੇਲਾ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ ਭਾਸ਼ਾ ਵਿਭਾਗ ਪੰਜਾਬ, ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.) ਤੇ ਸਾਹਿਤ ਵਿਚਾਰ ਮੰਚ ਸਰਕਾਰੀ ਬ੍ਰਿਜਿੰਦਰਾ ਕਾਲਜ ਵੱਲੋਂ 19 ਤੋਂ 23 ਸਤੰਬਰ ਤੱਕ ਕਰਾਇਆ ਜਾਵੇਗਾ। ਇਸ ਸਾਹਿਤ ਮੇਲੇ ਦਾ ਉਦਘਾਟਨ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਵੱਲੋਂ ਕੀਤਾ ਜਾਵੇਗਾ। ਇਸ ਵਿੱਚ ਪੰਜਾਬੀ ਸਾਹਿਤ ਦੇ ਉੱਘੇ ਪ੍ਰਕਾਸ਼ਕਾਂ ਦੀਆਂ ਪੁਸਤਕ ਪ੍ਰਦਰਸ਼ਨੀਆਂ ਲਾਉਣ ਦੇ ਨਾਲ-ਨਾਲ ਪੰਜਾਬੀ ਸਾਹਿਤ ਦੀਆਂ ਪ੍ਰਸਿੱਧ ਹਸਤੀਆਂ ਸੁਖਜੀਤ, ਗੁਰਮੀਤ ਕੜਿਆਲਵੀ, ਡਾ. ਨਿਰਮਲ ਜੌੜਾ, ਅਮੀਆ ਕੁੰਵਰ, ਡਾ. ਬਲਜਿੰਦਰ ਨਸਰਾਲੀ, ਅਜੇਪਾਲ ਸਿੰਘ ਬਰਾੜ, ਹਮੀਰ ਸਿੰਘ ਸਮੇਤ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਆਦਿ ਨਾਲ ਰੂਬਰੂ ਸਮਾਗਮ ਹੋਣਗੇ। ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.) ਦੇ ਪ੍ਰਧਾਨ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਮੇਲੇ ਦੌਰਾਨ 22 ਸਤੰਬਰ ਨੂੰ ਪੰਜਾਬੀ ਮਾਂ ਬੋਲੀ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਸੁਖਵਿੰਦਰ ਸਿੰਘ ਰਟੌਲ ਨੂੰ ਬਾਬਾ ਫ਼ਰੀਦ ਮਾਂ ਬੋਲੀ ਸਨਮਾਨ ਦਿੱਤਾ ਜਾਵੇਗਾ, ਜਿਸ ਵਿੱਚ 11000 ਰੁਪਏ ਨਕਦ ਅਤੇ ਸਨਮਾਨ ਚਿੰਨ੍ਹ ਸ਼ਾਮਲ ਹੈ। ਇਸ ਤੋਂ ਇਲਾਵਾ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੇ ਸੈਨੇਟ ਹਾਲ ਵਿਖੇ 22 ਸਤੰਬਰ ਨੂੰ ਸ਼ਾਮ 3.30 ਵਜੇ ਰਾਜ ਪੱਧਰੀ ਕਵੀ ਦਰਬਾਰ ਦਾ ਵੀ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਹਰਜੋਤ ਸਿੰਘ ਬੈਂਸ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ।

## ਸ਼ਿਵਾਲਿਕ ਮਾਡਲ ਸਕੂਲ 'ਚ ਅਧਿਆਪਕ ਦਿਵਸ ਮਨਾਇਆ

**ਜਗਰਾਉਂ (ਸੰਜੀਵ ਅਰੋੜਾ)**-ਸ਼ਿਵਾਲਿਕ ਮਾਡਲ ਸਕੂਲ ਜਗਰਾਉਂ ਵਿਖੇ ਸਮੂਹ ਪ੍ਰਬੰਧਕ ਕਮੇਟੀ, ਸਕੂਲ ਦੇ ਪ੍ਰਿੰਸੀਪਲ ਤੇ ਵਿਦਿਆਰਥੀਆਂ ਨੇ ਮਿਲ ਕੇ ਅਧਿਆਪਕ ਦਿਵਸ ਮਨਾਇਆ, ਜਿਸ ਵਿੱਚ ਸਭ ਤੋਂ ਪਹਿਲਾਂ ਕੇਕ ਕੱਟਿਆ ਗਿਆ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਡਾਂਸ, ਸਟਿੱਕ ਤੇ ਭਾਸ਼ਣ ਪੇਸ਼ ਕੀਤੇ। ਇਸ ਤੋਂ ਇਲਾਵਾ ਅਧਿਆਪਕਾਂ ਦੀਆਂ ਇੱਕ ਮਿੰਟ ਦੀਆਂ ਗੇਮਾਂ ਤੇ ਡਾਂਸ ਕਰਵਾਏ ਗਏ। ਇਸ ਮੌਕੇ ਅਧਿਆਪਕਾਂ ਨੂੰ ਸਨਮਾਨਤ ਵੀ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਨੀਲਮ ਸ਼ਰਮਾ ਨੇ ਆਪਣੇ ਭਾਸ਼ਣ ਵਿੱਚ ਅਧਿਆਪਕਾਂ ਨੂੰ ਗੁਰੂ ਦਿਵਸ 'ਤੇ ਵਧਾਈਆਂ ਦਿੱਤੀਆਂ। ਇਸ ਮੌਕੇ ਸਕੂਲ ਦੇ ਪ੍ਰਧਾਨ ਅਪਾਰ ਤੇ ਸੈਕਟਰੀ ਚੰਦ ਮੋਹਨ ਓਹਰੀ ਨੇ ਆਪਣੇ ਭਾਸ਼ਣ ਵਿੱਚ ਅਧਿਆਪਕ ਦਿਵਸ ਦੀਆਂ ਸਾਰੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ। ਇਸ ਸਮਾਗਮ ਵਿੱਚ ਸਕੂਲ ਦੇ ਚੇਅਰਮੈਨ ਬੀ. ਕੇ. ਸਿਆਲ ਤੇ ਡਾਇਰੈਕਟਰ ਡੀ. ਕੇ. ਸ਼ਰਮਾ ਅਤੇ ਮੁੱਖ ਮਹਿਮਾਨ ਮੰਜੂ ਬਾਲਾ ਨੇ ਵੀ ਸ਼ਾਮਲ ਹੋ ਕੇ ਸਮੂਹ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀਆਂ ਵਧਾਈਆਂ ਦਿੱਤੀਆਂ।

## ਲਾਇਨਜ਼ ਕਲੱਬ ਵੱਲੋਂ ਅਧਿਆਪਕਾਂ ਦਾ ਸਨਮਾਨ

**ਜਗਰਾਉਂ (ਸੰਜੀਵ ਅਰੋੜਾ)**-ਸਮਾਜ ਸੇਵਾ ਨੂੰ ਸਮਰਪਤ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਲਾਇਨਜ਼ ਕਲੱਬ ਜਗਰਾਉਂ ਵੱਲੋਂ ਵਿੱਦਿਆ ਦਾ ਦਾਨ ਵੰਡਣ ਵਾਲੇ ਅਧਿਆਪਕਾਂ ਨੂੰ ਸਨਮਾਨਤ ਕਰਨ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਿੱਦੜਵਿੰਡੀ ਦੇ ਵਿਹੜੇ 'ਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਪਿੰਡ ਦੀ ਪੰਚਾਇਤ, ਸਕੂਲ ਪ੍ਰਬੰਧਕੀ ਕਮੇਟੀ, ਅਧਿਆਪਕਾਂ ਤੇ ਸਕੂਲ ਦੇ ਹੋਣਹਾਰ ਬੱਚਿਆਂ ਦੀ ਭਰਵੀਂ ਹਾਜ਼ਰੀ 'ਚ ਕਲੱਬ ਪ੍ਰਧਾਨ ਲਾਇਨ ਸੁਭਾਸ਼ ਕਪੂਰ ਦੀ ਅਗਵਾਈ ਹੇਠ ਕਲੱਬ ਦੇ ਸਕੱਤਰ ਲਾਇਨ ਕੁਲਦੀਪ ਰੰਧਾਵਾ ਨੇ ਸਮਾਗਮ ਦੀ ਸ਼ੁਰੂਆਤ ਕੀਤੀ। ਕਲੱਬ ਵੱਲੋਂ ਕੀਤੀ ਚੋਣ ਅਨੁਸਾਰ ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਸਿੰਘ, ਪੰਜਾਬੀ ਲੈਕਚਰਾਰ ਅੰਮ੍ਰਿਤਪਾਲ ਸਿੰਘ ਸਕੂਲ ਗਿੱਦੜਵਿੰਡੀ ਤੇ ਜਗਜੀਤ ਸਿੰਘ ਸਿੱਧਵਾਂ ਅੰਗਰੇਜ਼ੀ ਭਾਸ਼ਾ ਲੈਕਚਰਾਰ ਸੀਨੀਅਰ ਸੈਕੰਡਰੀ ਸਕੂਲ ਬਰਸਾਲ ਨੂੰ ਕਲੱਬ ਵੱਲੋਂ ਲੋਈਆਂ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਉਨ੍ਹਾਂ ਦਾ ਮਾਣ-ਸਤਿਕਾਰ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪੀ.ਆਰ.ਓ. ਲਾਇਨ ਚਰਨਜੀਤ ਸਿੰਘ ਢਿੱਲੋਂ ਨੇ ਤਿੰਨਾਂ ਅਧਿਆਪਕਾਂ ਵੱਲੋਂ ਵਿੱਦਿਆ ਦਾ ਚਾਨਣ ਵੰਡ ਬੱਚਿਆਂ ਦੀ ਸੋਚ ਨੂੰ ਸਹੀ ਪਾਸੇ ਲਗਾਉਣ ਦੇ ਉਪਰਾਲਿਆਂ ਨਾਲ-ਨਾਲ ਸਮਾਜਿਕ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ 'ਚ ਪਾਏ ਵੱਡੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਐਡਵੋਕੇਟ ਲਾਇਨ ਗੁਰਤੇਜ ਸਿੰਘ ਗਿੱਲ, ਲਾਇਨ ਸਤਪਾਲ ਗਰੇਵਾਲ, ਲਾਇਨ ਐੱਸ.ਪੀ. ਸਿੰਘ, ਲਾਇਨ ਇੰਜ: ਅੰਮ੍ਰਿਤ ਸਿੰਘ ਥਿੰਦ, ਲਾਇਨ ਬੀਰਿੰਦਰ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ। ਇਸ ਸਮਾਗਮ ਦੌਰਾਨ ਸਤਪਾਲ ਨਿਝਾਵਨ ਤੇ ਗੁਲਵੰਤ ਸਿੰਘ ਗਿੱਲ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਕਾਤਰਾਂ

### ਕੌਮੀ ਲੋਕ ਅਦਾਲਤ ਭਲਕੇ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਲੀਗਲ ਸਰਵਿਸ ਅਥਾਰਟੀ ਮੁਹਾਲੀ ਦੀਆਂ ਹਦਾਇਤਾਂ ਤੇ ਸ਼੍ਰੀ ਰਾਜ ਕੁਮਾਰ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੈਡਮ ਹਰਪ੍ਰੀਤ ਕੌਰ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਸਬ ਡਵੀਜ਼ਨ ਮਲੋਟ ਵਿਖੇ 9 ਸਤੰਬਰ ਨੂੰ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਬ-ਡਵੀਜ਼ਨ ਲੀਗਲ ਸਰਵਿਸ ਅਥਾਰਟੀ ਮਲੋਟ ਦੇ ਚੇਅਰਪਰਸਨ ਨੀਰਜ ਗੋਇਲ ਅਡੀਸ਼ਨਲ ਸਿਵਲ ਜੱਜ ਮਲੋਟ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦੌਰਾਨ ਦੋ ਬੈਚਾਂ ਦਾ ਗਠਨ ਕੀਤਾ ਜਾ ਰਿਹਾ ਹੈ। ਇਸ ਲੋਕ ਅਦਾਲਤ ਵਿੱਚ ਸਮਝੌਤੇ ਯੋਗ ਫੌਜਦਾਰੀ ਕੇਸ, ਘਰੇਲੂ ਝਗੜੇ, ਬੈਂਕ ਰਿਕਵਰੀ ਕੇਸ, ਇੰਸ਼ੋਰੈਂਸ ਕਲੇਮ, ਮੋਟਰ ਵਹੀਕਲ ਐਕਟ ਤੇ ਹੋਰ ਕਈ ਤਰ੍ਹਾਂ ਦੇ ਸਿਵਲ ਮੁਕੱਦਮਿਆਂ ਦਾ ਨਿਪਟਾਰਾ ਕੀਤਾ ਜਾਵੇਗਾ।

### ਮਾਤਾ ਚਰਨਜੀਤ ਕੌਰ ਗੁੰਮਟੀ ਨਮਿੱਤ ਭੋਗ 10 ਨੂੰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮਨਰੇਗਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ, ਸੀਟੂ ਦੇ ਸੂਬਾਈ ਆਗੂ ਕਾਮਰੇਡ ਪਰਮਜੀਤ ਕੌਰ ਗੁੰਮਟੀ ਦੇ ਸਤਿਕਾਰਯੋਗ ਮਾਤਾ ਚਰਨਜੀਤ ਕੌਰ ਪਤਨੀ ਕਮਿਊਨਿਸਟ ਆਗੂ ਮਾ: ਸੁਰਜੀਤ ਸਿੰਘ ਗੁੰਮਟੀ ਸਦੀਵੀ ਵਿਛੋੜਾ ਦੇ ਗਏ ਹਨ। ਇਸ ਦੁਖਦਾਈ ਮੌਕੇ ਵੱਖ-ਵੱਖ ਆਗੂਆਂ ਤੋਂ ਇਲਾਵਾ ਪੱਤਰਕਾਰ ਭਾਈਚਾਰੇ ਨੇ ਗੁੰਮਟੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ। ਮਾਤਾ ਚਰਨਜੀਤ ਕੌਰ ਗੁੰਮਟੀ ਨਮਿੱਤ ਪਾਠ ਦਾ ਭੋਗ, ਸ਼ਰਧਾਂਜਲੀ ਸਮਾਗਮ 10 ਸਤੰਬਰ ਨੂੰ ਇੱਕ ਵਜੇ ਗੁਰਦੁਆਰਾ ਸਾਹਿਬ ਪਿੰਡ ਗੁੰਮਟੀ (ਬਰਨਾਲਾ) ਵਿਖੇ ਹੋਵੇਗਾ।

### ਸਾਬਕਾ ਚੇਅਰਮੈਨ ਬਿੱਟੂ ਵੱਲੋਂ ਦੁੱਖ ਦਾ ਪ੍ਰਗਟਾਵਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਪਿੰਡ ਕੋਟਲੀ ਸੰਘਰ ਵਿਖੇ ਜਗਦੇਵ ਸਿੰਘ ਬਰਾੜ ਤੇ ਮਾਤਾ ਨਸੀਬ ਕੌਰ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਸਪੁੱਤਰ ਸ਼੍ਰੋਮਣੀ ਅਕਾਲੀ ਦਲ ਦੇ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਬਰਾੜ ਨਾਲ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਵੱਲੋਂ ਦੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਹਰਪਾਲ ਸਿੰਘ ਸਾਬਕਾ ਸਰਪੰਚ, ਜਗਵੰਤ ਸਿੰਘ ਲੰਬੀ ਢਾਬ, ਪੂਰਨ ਸਿੰਘ ਲੰਡੇਰੋੜੇ, ਗੁਰਵਿੰਦਰ ਸਿੰਘ ਬਾਜਾ ਮਰਾੜ, ਰਜਿੰਦਰ ਸਿੰਘ ਵੱਟੂ, ਸਰਬਜੀਤ ਸਿੰਘ, ਦਲਜੀਤ ਸਿੰਘ, ਜਸਪਾਲ ਸਿੰਘ ਪੀ.ਏ, ਪਾਲ ਢਿੱਲੋਂ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

### ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਦੀ ਮਾਸਿਕ ਮੀਟਿੰਗ 9 ਸਤ

8-Sep-PAGE-8.qxd 9/7/2023 11:15 PM Page 1



# ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਦਾ ਬਿਗਲ

**ਖਰੜ (ਹਰਨਾਮ ਸਿੰਘ ਡੱਲਾ)**-ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਜ਼ਿਲ੍ਹਾ ਮੋਹਾਲੀ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਸਰਕਾਰ ਵਲੋਂ ਹੜ੍ਹ ਪੀੜਤ ਲੋਕਾਂ ਨੂੰ ਮੁਆਵਜਾ ਨਾ ਦੇਣ ਕਰਕੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ। ਮੀਟਿੰਗ ਦੀ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਕਿਸਾਨ ਆਗੂ ਮਨਪ੍ਰੀਤ ਸਿੰਘ ਅਮਲਾਲਾ,ਬੀ ਕੇ ਯੂ ਲੱਖੋਵਾਲ, ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਦੇਹਕਲਾਂ ਅਤੇ ਐਡਵੋਕੇਟ ਬਿਲਾਵਲ ਸਿੰਘ ਨੇ ਕਿਹਾ ਕਿ ਹੜ੍ਹ ਪੀੜਤ ਲੋਕਾਂ ਦੀ ਆਮ ਆਦਮੀ ਸਰਕਾਰ ਵਲੋਂ ਸਾਰ ਨਹੀਂ ਲਈ ਜਾ ਰਹੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਮੋਹਾਲੀ ਦੇ ਡੇਰਾਬਸੀ ,ਲਾਲੜੂ ਅਤੇ ਜੀਰਕਪੁਰ ਦੇ ਆਦਿ ਦੇ ਇਲਾਕਿਆਂ ਵਿੱਚ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਨੂੰ ਮੁਆਵਜਾ ਦਵਾਉਣ ਲਈ 11 ਤੋਂ 13 ਸਤੰਬਰ ਨੰ ਸੰਯੁਕਤ ਕਿਸਾਨ ਮੋਰਚੇ ਵੱਲੋ ਰੋਸ ਧਰਨਿਆਂ ਦੇ ਰੂਪ ਵਿੱਚ ਸੰਘਰਸ਼ ਵਿੱਢਣ ਦਾ ਐਲਾਨ ਕਰ ਦਿੱਤਾ ਹੈ। ਜ਼ਿਲ੍ਹਾ ਮੋਹਾਲੀ ਦੀਆਂ ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਕਿਸਾਨ ਜਥੇਬੰਦੀਆਂ ਨੇ ਸਰਬ ਸੰਮਤੀ ਨਾਲ ਫੈਸਲਾ ਲਿਆ ਕਿ ਉਹ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦੇ ਖਰੜ ਸਥਿਤ ਦਫਤਰ ਦਾ ਘੇਰਾਓ ਕਰਨਗੇ। ਇਸ ਸਮੇਂ ਬੀ ਕੇ ਯੂ ਲੱਖੋਵਾਲ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਪਾਲ ਸਿੰਘ ਨਿਆਮਿਆ,ਕਰਮ ਸਿੰਘ ਬਰੋਲੀ, ਜਸਪਾਲ ਸਿੰਘ ਦੱਪਰ, ਬਲਜੀਤ ਸਿੰਘ ਭਾਊ, ਹਰਪਾਲ ਸਿੰਘ, ਦਰਸ਼ਨ ਸਿੰਘ ਦੁਰਾਲੀ, ਗੁਰਮੀਤ ਸਿੰਘ ਖੁੰਨੀਮਾਜਰਾ ਹਰੀ ਸਿੰਘ ਬੋਹੜਾ,ਜਗਤਾਰ ਸਿੰਘ ਝਰਮੜੀ, ਸ਼ੇਰ ਸਿੰਘ ਦੱਪਰ, ਜਸਪਾਲ ਸਿੰਘ ਲਾਂਡਰਾ, ਸੋਨੀ ਰਸਨਹੇੜੀ, ਅਵਤਾਰ ਸਿੰਘ ਬਜਹੇੜੀ,ਸੁਰਿੰਦਰ ਸਿੰਘ ਬਰਯਾਲੀ, ਪਰਮਜੀਤ ਸਿੰਘ ਦੇਸੂਮਾਜਰਾ, ਕੁਲਵੰਤ ਸਿੰਘ ਚਿੱਲਾ, ਕਰਨੈਲ ਸਿੰਘ ਮੌਲੀ,ਦਰਸ਼ਨ ਸਿੰਘ ਬੜੀ, ਗੁਰਮੀਤ ਸਿੰਘ ਬਜਹੇੜੀ ਆਦਿ ਹਾਜਰ ਸਨ।

## ਹੜ੍ਹ ਪੀੜਤਾਂ ਦੀ ਮਦਦ ਲਈ ਜੀ ਐੱਨ ਏ 'ਵਰਸਿਟੀ ਵੱਲੋਂ ਰੈੱਡ ਕਰਾਸ ਨੂੰ ਵੱਡਮੁੱਲਾ ਯੋਗਦਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**—ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੁਆਰਾ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਹੜ੍ਹ ਪੀੜਤ ਇਲਾਕਿਆ ਵਿੱਚ ਸਮਾਜ ਸੇਵੀ ਸੰਸਥਾਵਾ ਦੇ ਸਹਿਯੋਗ ਨਾਲ ਰਾਹਤ ਸਮੱਗਰੀ ਉਪਲਬੱਧ ਕਰਵਾਈ ਜਾ ਰਹੀ ਹੈ। ਇਸ ਦੀ ਲਗਾਤਾਰਤਾ ਵਿੱਚ ਜੀ.ਐਨ.ਏ ਯੂਨੀਵਰਸਿਟੀ, ਫਗਵਾੜਾ ਦੁਆਰਾ ਵੱਡਮੁੱਲਾ ਯੋਗਦਾਨ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਅਤੇ ਪ੍ਰਧਾਨ ਜ਼ਿਲਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਨੂੰ ਜੀ.ਐਨ.ਏ ਯੂਨੀਵਰਸਿਟੀ ਫਗਵਾੜਾ ਦੁਆਰਾ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਮੁਹੱਈਆ ਕਰਵਾਈ ਗਈ ਹੈ, ਜਿਸ ਵਿੱਚ ਇਕ ਵੱਡੀ ਫੋਗਿੰਗ ਮਸ਼ੀਨ, 100 ਗੱਦੇ, 100 ਮੱਛਰਦਾਨੀਆਂ, 125 ਰਾਸ਼ਨ ਦੀਆਂ ਕਿੱਟਾਂ, ਜਿਸ ਦੀ ਹਰੇਕ ਕਿੱਟ ਵਿੱਚ ਇੱਕ ਪੂਰੇ ਪਰਿਵਾਰ ਦਾ ਇੱਕ ਮਹੀਨੇ ਦਾ ਰਾਸ਼ਨ ਹੈ, ਉਪਲਬੱਧ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਜੀ.ਐਨ.ਏ ਯੂਨੀਵਰਸਿਟੀ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ 100 ਸਕੂਲ ਬੈੱਗ, ਪੀਣ ਵਾਲੇ ਪਾਣੀ ਦੀਆਂ ਬੋਤਲਾਂ, ਲੰਚ ਬਾਕਸ, ਕਾਪੀਆ, ਜਿਉਮੈਟਰੀ ਬਾਕਸ, ਕਲਰਸ, ਡਰਾਇੰਗ ਬੁੱਕ ਆਦਿ ਦੇ ਕੇ ਬੱਚਿਆਂ ਦਾ ਉਤਸ਼ਾਹ ਵਧਾਇਆ ਗਿਆ ਹੈ। ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਜੀ.ਐਨ.ਏ ਯੂਨੀਵਰਸਿਟੀ ਫਗਵਾੜਾ ਦੀ ਪੂਰੀ ਮੈਨੇਜਮੈਂਟ, ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਇਸ ਔਖੀ ਘੜੀ ਵਿੱਚ ਕੀਤੇ ਗਏ ਸਹਿਯੋਗ ਲਈ ਦਿਲੋਂ ਧੰਨਵਾਦ ਕੀਤਾ।

# ਡੇਂਗੂ ਤੇ ਮਲੇਰੀਏ ਦੇ ਬਚਾਅ ਲਈ ਕੀਤਾ ਜਾ ਰਿਹੈ ਛਿੜਕਾਅ

**.ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਯਤਨਾ ਸਦਕਾ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਤੇ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ (ਈ.ਓ) ਦਿਸ਼ਾ ਨਿਰਦੇਸ਼ ਤੇ ਮਦਨ ਲਾਲ ਸੈਨਟਰੀ ਇੰਸਪੈਕਟਰ ਦੀ ਅਗਵਾਈ ਵਿੱਚ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਮਲੇਰੀਆ ਅਤੇ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਬਚਾਉਣ ਲਈ ਸ਼ਹਿਰ ਵਿਚ ਲਗਾਤਾਰ ਕੌਂਸਲਰਾਂ ਦੀ ਹਾਜਰੀ ਵਿੱਚ ਅਲੱਗ ਅਲੱਗ ਵਾਰਡਾਂ ਵਿੱਚ ਡੇਂਗੂ ਦੇ ਮੱਛਰ ਮਾਰ ਦਵਾਈਆਂ ਛੜਕਾਈਆਂ ਜਾ ਰਹੀਆਂ ਹੈ। ਜਿੱਥੇ ਵੀ ਕਿਤੇ ਖੜਿਆ ਪਾਣੀ ਦਿਸਦਾ ਹੈ ਉਸ ਵਿੱਚ ਕਾਲਾ ਤੇਲ ਪਾ ਦਿੱਤਾ ਜਾਂਦਾ ਹੈ, ਫੌਗਿੰਗ ਮਸ਼ੀਨ ਦੁਆਰਾ ਸਪਰੇ ਕੀਤਾ ਜਾ ਰਿਹਾ ਹੈ ਤੇ ਸ਼ਹਿਰ ਵਾਸੀਆਂ ਨੂੰ ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਦੇ ਬਚਾਓ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਮੌਕੇ 'ਤੇ ਦਲਜੀਤ ਸਿੰਘ ਕੈਂਥ ਕੌਂਸਲਰ ,ਇੰਦਰਜੀਤ ਕੌਸਲ ਰਾਣੂ ਸਾਬਕਾ ਕੌਂਸਲਰ, ਪਰਮਜੀਤ ਸੋਨੂੰ, ਵਿਜੇ ਕੁਮਾਰ, ਲੋਕੇਸ਼ ਕੁਮਾਰ, ਗੁਰਮੁੱਖ ਸਿੰਘ, ਵਿਕਾਸ, ਸੰਜੀਵ ਕਾਲਾ ਹਾਜਰ ਸਨ।

# ਪਾਣੀ ਦੀ ਵਾਇਰੋਲੋਜੀਕਲ ਟੈਸਟਿੰਗ ਸ਼ੁਰੂ : ਮੀਤ ਹੇਅਰ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਸੂਬਾ ਵਾਸੀਆਂ ਲਈ ਸ਼ੁੱਧ ਵਾਤਾਵਰਣ ਮਾਹੌਲ ਦੇਣ ਦੀ ਵਚਨਬੱਧਤਾ ਉਤੇ ਚੱਲਦਿਆਂ ਸਾਇੰਸ ਤਕਨਾਲੋਜੀ ਤੇ ਵਾਤਾਵਰਣ ਵਿਭਾਗ ਵੱਲੋਂ ਪੰਜਾਬ ਬਾਇਓਟੈਕਨਾਲੋਜੀ ਇਨਕਿਊਬੇਟਰ (ਪੀ.ਬੀ.ਟੀ.ਆਈ.) ਪਾਣੀ ਦੀ ਵਾਇਰੋਲੌਜੀਕਲ ਟੈਸਟਿੰਗ ਦੀ ਸ਼ੁਰੂਆਤ ਕੀਤੀ ਹੈ। ਸਾਇੰਸ ਤਕਨਾਲੋਜੀ ਤੇ ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਬਾਰਸ਼ਾਂ ਦੇ ਮੌਸਮ ਵਿੱਚ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਹੈਜਾ, ਟਾਈਫਾਈਡ, ਹੈਪੇਟਾਈਟਸ (ਹੈਪੇਟਾਈਟਸ ਏ ਅਤੇ ਈ) ਅਤੇ ਦਸਤ ਆਮ ਤੌਰ 'ਤੇ ਫੈਲਦੀਆਂ ਹਨ ਜਿਸ ਕਰਕੇ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿੱਚ ਹੈਪੇਟਾਈਟਸ ਏ ਅਤੇ ਈ ਕਾਰਨ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਵਿੱਚ ਵਾਧਾ ਹੋਇਆ ਹੈ।

ਹੈਪੇਟਾਈਟਸ ਏ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਹੈਪੇਟਾਈਟਸ ਈ ਗਰਭਵਤੀ ਔਰਤਾਂ ਵਿੱਚ ਪਾਇਆ ਜਾਂਦਾ ਹੈ। ਮੀਤ ਹੇਅਰ ਨੇ ਅੱਗੇ ਦੱਸਿਆ ਕਿ ਟੈਸਟਿੰਗ ਦੀ ਸ਼ੁਰੂਆਤ ਵਿੱਚ ਐਸ.ਏ.ਐਸ. ਨਗਰ, ਰੂਪਨਗਰ, ਲੁਧਿਆਣਾ ਅਤੇ ਮੁਕਤਸਰ ਤੋਂ ਪੀਣ ਵਾਲੇ ਪਾਣੀ ਦੇ 200 ਨਮੂਨਿਆਂ 'ਤੇ ਕੀਤੇ ਗਏ ਅਧਿਐਨ ਵਿੱਚੋਂ 10 ਫੀਸਦੀ ਵਿੱਚ ਐਮ.ਐਸ-2 ਫੇਜਜ ਦੀ ਮੌਜੂਦਗੀ ਪਾਈ ਗਈ ਹੈ। ਮੌਜੂਦਾ ਸਮੇਂ ਵਿੱਚ ਵੱਖ-ਵੱਖ ਵਿਸ਼ਾਣੂਆਂ ਲਈ ਪਾਣੀ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਹੈਪੇਟਾਈਟਸ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਇਰਸ ਤੋਂ ਦੂਸ਼ਿਤ ਪਾਣੀ ਦੀ ਜਾਂਚ ਵੀ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ। ਪੀਣ ਵਾਲੇ ਪਾਣੀ ਦੇ ਭਾਰਤੀ ਮਾਪਦੰਡਾਂ ਅਨੁਸਾਰ ਪਾਣੀ ਵਿੱਚ ਐਮ.ਐਸ-2 ਦੀ ਮੌਜੂਦਗੀ ਨੂੰ ਵਾਇਰੋਲੌਜੀਕਲ ਕੰਟੈਮੀਨੇਸ਼ਨ ਦਾ ਸੂਚਕ ਮੰਨਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਪੀ.ਬੀ.ਟੀ.ਆਈ. ਇੱਕ ਬਹੁ-ਖੇਤਰੀ ਹਾਈ-ਐਂਡ ਐਨਾਲਿਟੀਕਲ, ਪੰਜਾਬ ਦੀ ਪਹਿਲੀ ਐਨ.ਏ.ਬੀ.ਐਲ. ਮਾਨਤਾ ਪ੍ਰਾਪਤ ਸਹੂਲਤ ਹੈ ਜਿਸ ਨੇ ਪੀਣ ਵਾਲੇ ਪਾਣੀ ਵਿੱਚ ਵਾਇਰਸ ਸਕਰੀਨਿੰਗ ਐਮ.ਐਸ-2 ਲਈ ਸੇਵਾਵਾਂ ਦੇਣੀਆਂ ਸ਼ੁਰੂ ਕੀਤੀਆਂ ਹਨ।

## ਜਟਾਣਾ ਦੀ ਛਿੰਝ 'ਤੇ ਉਮੇਸ਼ ਮਥੁਰਾ ਤੇ ਨੀਰਜ ਰੋਹਤਕ ਵਿਚਕਾਰ ਮੁਕਾਬਲਾ

**ਸ੍ਰੀ ਚਮਕੌਰ ਸਾਹਿਬ, ( ਗੁਰਵਿੰਦਰਪਾਲ ਸਿੰਘ ਬੌਬੀ )**-ਪੰਜਾਬ ਦੀਆਂ ਇਨਾਮੀ ਛਿੰਝਾਂ ਵਿੱਚ ਪਹਿਲੇ ਸਥਾਨ 'ਤੇ ਮੰਨੀ ਜਾਂਦੀ ਨਜਦੀਕੀ ਪਿੰਡ ਜਟਾਣਾ ਦੀ ਛਿੰਝ 'ਤੇ ਇਸ ਵਾਰ 9 ਸਤੰਬਰ ਨੂੰ ਜਿੱਥੇ ਚੋਟੀ ਦੇ ਮੱਲਾਂ ਦੇ ਮੱਲ ਯੁੱਧ ਕਰਾਏ ਜਾ ਰਹੇ ਹਨ ਉੱਥੇ ਹੀ ਵੱਡੀ ਝੰਡੀ ਦੀ ਕੁਸ਼ਤੀ ਦੇਸ਼ ਦੀਆਂ ਵੱਡੀਆਂ ਛਿੰਝਾਂ ਵਿੱਚ ਅਪਣਾ ਦਬਦਬਾ ਰੱਖਣ ਵਾਲੇ ਪਹਿਲਵਾਨ ਉਮੇਸ਼ ਮਥੁਰਾ ਅਤੇ ਨੀਰਜ ਰੋਹਤਕ ਦੇ ਭੇੜ ਦੇਖਣ ਨੂੰ ਮਿਲਣਗੇ। ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਹਰਜੀਤ ਸਿੰਘ ਹੈਪੀ, ਭਿੰਦਰ ਜਟਾਣਾ, ਨੰਬਰਦਾਰ ਜਸਵੀਰ ਸਿੰਘ ਅਤੇ ਧਨਵੰਤ ਸਿੰਘ ਨੇ ਦੱਸਿਆ ਕਿ 9 ਸਤੰਬਰ ਨੂੰ ਦੁਪਹਿਰ 2 ਵਜੇ ਤੋਂ ਦੇਰ ਸ਼ਾਮ ਤੱਕ ਬਾਬਾ ਦੀਪਾ ਜੀ ਫਲਾਹੀ ਵਾਲਿਆਂ ਦੀ ਰਹਿਨੁਮਾਈ ਹੇਠ ਕਰਾਏ ਜਾ ਰਹੇ ਜੱਦੀ ਕੁਸ਼ਤੀ ਮੁਕਾਬਲਿਆਂ ਵਿੱਚ ਦੇਸ਼ ਦੇ ਇਨਾਮੀ ਅਖਾੜਿਆਂ ਦੇ ਪਹਿਲਵਾਨਾਂ ਦੇ ਮਲ੍ਹ ਯੁੱਧ ਕਰਾਏ ਜਾਣਗੇ ਜਿਨ੍ਹਾਂ ਵਿੱਚ ਵੱਡੀ ਝੰਡੀ ਦੀ ਕੁਸ਼ਤੀ ਉਮੇਸ਼ ਮਥੁਰਾ ਅਤੇ ਨੀਰਜ ਰੋਹਤਕ ਵਿਚਕਾਰ ਕਰਾਈ ਜਾਵੇਗੀ ਜਦੋਂਕਿ ਦੂਜੀ ਝੰਡੀ ਦੀ ਕੁਸ਼ਤੀ ਗੁਰਜੀਤ ਮਗਰੋੜ ਅਤੇ ਅੰਕਿਤ ਮਥੁਰਾ ਵਿਚਕਾਰ ਅਤੇ ਤੀਜੀ ਝੰਡੀ ਦੀ ਕੁਸ਼ਤੀ ਨਦੀਮ ਬਾਬਾ ਫਲਾਹੀ ਅਤੇ ਛੋਟਾ ਜੱਸਾ ਮਰੌੜ ਵਿਚਕਾਰ ਕਰਾਈ ਜਾਵੇਗੀ ਇਸ ਤੋਂ ਇਲਾਵਾ ਸ਼ਪੈਸ਼ਲ ਕੁਸ਼ਤੀਆਂ ਅਤੇ ਹੋਰ ਵੀ ਇਨਾਮੀ ਕੁਸ਼ਤੀਆਂ ਕਰਾਈਆਂ ਜਾਣਗੀਆਂ। ਕੁਸ਼ਤੀ ਮੁਕਾਬਲਿਆਂ ਦੀਆਂ ਤਿਆਰੀਆਂ ਪੂਰੇ ਜੋਰਾਂ 'ਤੇ ਚੱਲ ਰਹੀਆਂ ਹਨ। ਇਸ ਮੌਕੇ ਸਰਪੰਚ ਦਿਆਲ ਸਿੰਘ, ਕਮੇਟੀ ਮੈਂਬਰ ਰਾਜਿੰਦਰ ਸਿੰਘ, ਜਗਦੀਸ਼ ਸਿੰਘ, ਮਾਸਟਰ ਦਲਜੀਤ ਸਿੰਘ,ਬਲਵਿੰਦਰ ਸਿੰਘ, ਚਤਰ ਸਿੰਘ, ਗੁਰਦੇਵ ਸਿੰਘ, ਸਮੇਤ ਕਮੇਟੀ ਅਤੇ ਗ੍ਰਾਮ ਪੰਚਾਇਤ ਦੇ ਸਮੂਹ ਮੈਂਬਰ ਹਾਜਰ ਸਨ।

# ਗੈਰ-ਹਾਜ਼ਰ ਰਹਿਣ 'ਤੇ ਮੁੱਖ ਮੰਤਰੀ ਨੇ ਜ਼ਿਲ੍ਹਾ ਖੇਡ ਅਧਿਕਾਰੀ ਨੂੰ ਕੀਤਾ ਸਸਪੈਂਡ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਐਲਾਨ ਕਰਦੇ ਹੋਏ ਕਿਹਾ ਕਿ ਪਿੰਡ ਦੇ ਲਈ ਚੌਕੀਦਾਰ ਤੇ ਸਫਾਈ ਕਰਮਚਾਰੀ ਵਰਗੇ ਮੰਜੂਰ ਅਸਾਮੀਆਂ ਤਹਿਤ ਸਾਲ 2011 ਦੀ ਆਬਾਦੀ ਨੂੰ ਆਧਾਰ ਨਹੀਂ ਮੰਨਿਆ ਜਾਵੇਗਾ, ਸਗੋਂ ਪਰਵਾਰ ਪਹਿਚਾਣ ਪੱਤਰ ਡਾਟਾ ਵਿਚ ਦਰਜ 31 ਦਸੰਬਰ, 2022 ਤੱਕ ਦੀ ਆਬਾਦੀ ਮੰਨੀ ਜਾਵੇਗੀ। ਪਿੰਡਾਂ ਵਿਚ ਆਬਾਦੀ ਦੇ ਆਧਾਰ 'ਤੇ ਇੰਨ੍ਹਾਂ ਅਸਾਮੀਆਂ ਨੂੰ ਮੰਜੂਰ ਕੀਤਾ ਜਾਂਦਾ ਹੈ। ਮੁੱਖ ਮੰਤਰੀ ਜ਼ਿਲ੍ਹਾ ਹਿਸਾਰ ਵਿਚ ਹਾਂਸੀ ਵਿਧਾਨ ਸਭਾ ਖੇਤਰ ਦੇ ਪਿੰਡ ਢਾਣਾ ਕਲਾ ਵਿਚ ਜਨ ਸੰਵਾਦ ਪ੍ਰੋਗ੍ਰਾਮ ਵਿਚ ਲੋਕਾਂ ਨਾਲ ਸਿੱਧਾ ਸੰਵਾਦ ਕਰ ਰਹੇ ਸਨ। ਮੁੱਖ ਮੰਤਰੀ ਨੇ ਜਨਸੰਵਾਦ ਪ੍ਰੋਗ੍ਰਾਮ ਵਿਚ ਗੈਰਹਾਜਰ ਰਹਿਣ 'ਤੇ ਜ਼ਿਲ੍ਹਾ ਖੇਡ ਅਧਿਕਾਰੀ ਨੂੰ ਸਸਪੈਂਡ ਕੀਤਾ। ਮਨੋਹਰ ਲਾਲ ਨੇ ਕਿਹਾ ਕਿ ਮੌਜੂਦਾ ਸਰਕਾਰ ਦਾ ਟੀਚਾ ਹਰਿਆਣਾ ਤੇ ਹਰੇਕ ਹਰਿਆਣਵੀਂ ਦਾ ਵਿਕਾਸ ਯਕੀਨੀ ਕਰਨਾ ਹੈ। ਸਾਡੀ ਸਰਕਾਰ 5 ਐੱਸ-ਸਿਖਿਆ, ਸਿਹਤ, ਸਵਾਵਲੰਬਨ, ਸੁਰੱਖਿਆ ਅਤੇ ਸਵਾਭੀਮਾਨ ਦੇ ਮੂਲਮੰਤਰ ਦੇ ਨਾਲ ਸੂਬੇ ਦੇ ਨਾਗਰਿਕ ਦਾ ਵਿਕਾਸ ਕਰ ਰਹੀ ਹੈ। ਰਾਜ ਸਰਕਾਰ ਵੱਲੋਂ ਅੰਤੋਦੇਯ ਦੀ ਭਾਵਨਾ ਨਾਲ ਇਕ-ਇਕ ਕਦਮ ਗਰੀਬ ਦੇ ਹਿੱਤ ਵਿਚ ਚੁੱਕਿਆ ਜਾ ਰਿਹਾ ਹੈ। ਅੱਜ ਲੋਕਾਂ ਨੂੰ ਘਰ ਬੈਠੇ ਸਰਕਾਰੀ ਯੋਜਨਾਵਾਂ ਦਾ ਲਾਭ ਦੇਣ ਲਹੀ ਸਰਕਾਰ ਵੱਲੋਂ ਲਾਂਚ ਕੀਤੇ ਗਏ ਵੱਖ-ਵੱਖ ਪੋਰਟਲ ਰਾਮ ਬਾਣ ਸਾਬਿਤ ਹੋ ਰਹੇ ਹਨ। ਉਨ੍ਹਾਂ ਨੇ ਦਸਿਆ ਕਿ ਪਿੰਡ ਦੇ ਧਰਮਪਾਲ ਤੇ ਸਤਬੀਰ ਦੀ ਬੁਢਾਪਾ ਪੈਂਸ਼ਨ ਘਰ ਬੈਠੇ ਬਣਾਈ ਗਈ ਹੈ। ਮੁੱਖ ਮੰਤਰੀ ਨੇ ਪ੍ਰੋਗ੍ਰਾਮ ਵਿਚ ਮੌਕੇ 'ਤੇ ਹੀ ਪਿੰਡ ਦੇ ਬਜੁਰਗ ਪਰਮਾਨੰਦ, ਸ਼ਾਂਤੀ ਦੇਵੀ, ਰਾਮਕੁਮਾਰ, ਰਤਨ ਤੇ ਜਗਜੀਵਨ ਨੂੰ ਉਨ੍ਹਾਂ ਦੀ ਬੁਢਾਪਾ ਪੈਂਸ਼ਨ ਸ਼ੁਰੂ ਹੋਣ ਸਬੰਧੀ ਕਾਰਡ ਮੰਚ 'ਤੇ ਭੇਂਟ ਕੀਤੇ। ਮਨੋਹਰ ਲਾਲ ਨੇ ਕਿਹਾ ਕਿ ਉਨ੍ਹਾਂ ਲੋਕਾਂ ਦੇ ਖਿਲਾਫ ਜੁਰਮਾਨਾ ਵੀ ਲਗਾਇਆ ਜਾਵੇਗਾ ਜੋ ਆਪਣੇ ਪਸ਼ੂਆਂ ਨੂੰ ਖੁੱਲ੍ਹਾ ਛੱਡ ਦਿੰਦੇ ਹਨ। ਇਸ ਮੌਕੇ 'ਤੇ ਸਾਂਸਦ ਬ੍ਰਜੇਂਦਰ ਸਿੰਘ ਨੇ ਮੁੱਖ ਮੰਤਰੀ ਦਾ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਮੁੱਖ ਮੰਤਰੀ ਦੇ ਆਉਣ ਨਾਲ ਪਿੰਡ ਦੇ ਵੱਧ ਤੋਂ ਵੱਧ ਵਿਕਾਸ ਕੰਮ ਹੋਣਗੇ। ਵਿਧਾਇਕ ਵਿਨੋਦ ਭਿਆਨਾ ਨੇ ਮੁੱਖ ਮੰਤਰੀ ਦਾ ਸਵਾਗਤ ਕਰਦੇ ਹੋਏ ਅਪੀਲ ਕੀਤੀ ਕਿ ਇਸ ਖੇਤਰ ਦੇ ਵਿਕਾਸ ਨਾਲ ਸਬੰਧਿਤ ਮੰਗਾਂ ਨੂੰ ਪੂਰਾ ਕੀਤਾ ਜਾਵੇ।

# ਰਿਆਤ-ਬਾਹਰਾ ਫਾਰਮੇਸੀ ਕਾਲਜ 'ਚ ਅਧਿਆਪਕ ਦਿਵਸ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਫਾਰਮੇਸੀ ਕਾਲਜ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਹਿੱਸਾ ਲਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਗਿੱਧਾ, ਭੰਗੜਾ, ਗਰੁੱਪ ਡਾਂਸ, ਗੀਤ ਆਦਿ ਸ਼ਾਮਲ ਸਨ।

ਇਸ ਮੌਕੇ ਡਾ. ਚੰਦਰ ਮੋਹਨ ਨੇ ਕਿਹਾ ਕਿ ਅੱਜ ਦਾ ਦਿਨ ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਨੂੰ ਭਾਰਤ ਵਿਚ ਅਧਿ

8-Sep-PAGE-9.qxd 9/7/2023 11:14 PM Page 1



# ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਸੰਬੰਧੀ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

**ਫਿਲੌਰ (ਨਿਰਮਲ)**- ਕਮਿਊਨਿਸਟ ਪਾਰਟੀ ਆਫ ਇੰਡੀਆ ਮਾਰਕਸਵਾਦੀ ਤਹਿਸੀਲ ਫਿਲੌਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਕਰਨ ਅਤੇ ਹੋਏ ਨੁਕਸਾਨ ਸਬੰਧੀ ਇੱਕ ਮੰਗ ਪੱਤਰ ਐੱਸ.ਡੀ.ਐੱਮ ਫਿਲੌਰ ਨੂੰ ਦਿੱਤਾ ਗਿਆ। ਜਿਸ ਵਿੱਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਹੜ੍ਹਾਂ ਤੋਂ ਪੀੜਤਾਂ ਨੂੰ 20 ਲੱਖ ਰੁਪਏ ਪ੍ਰਤੀ ਵਿਅਕਤੀ ਨੂੰ ਦਿੱਤੇ ਜਾਣ ਅਤੇ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ 50 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੱਤਾ ਜਾਵੇ। ਜਿੱਥੇ ਅਗਲੀ ਫਸਲ ਬੀਜੀ ਨਹੀਂ ਜਾਂ ਸਕਦੀ ਉਨ੍ਹਾਂ ਨੂੰ 1 ਲੱਖ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦਿੱਤਾ ਜਾਵੇ। ਸਰਕਾਰੀ ਦਫਤਰਾਂ ਵਿੱਚ ਕੁਰੱਪਸ਼ਨ ਨੂੰ ਰੋਕਣ ਲਈ ਵੱਡੇ ਫੈਸਲੇ ਲਏ ਜਾਣ। ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਦਮ ਚੁੱਕੇ ਜਾਣ। ਤਸਕਰਾਂ ਨਾਲ ਰਲੇ ਪੁਲਸ ਅਫਸਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਅਤੇ ਮਹਿੰਗਾਈ ਨੂੰ ਠੱਲ੍ਹ ਪਾਈ ਜਾਵੇ। ਸਰਕਾਰੀ ਡਿਪੂਆਂ 'ਤੇ ਜ਼ਰੂਰੀ ਵਸਤੂਆਂ ਭੇਜੀਆਂ ਜਾਣ। ਗਰੀਬਾਂ ਦੇ ਕੱਟੇ ਨੀਲੇ ਕਾਰਡ ਬਹਾਲ ਕੀਤੇ ਜਾਣ ਅਤੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣਾ ਨੂੰ ਯਕੀਨੀ ਬਣਾਇਆ ਜਾਵੇ। ਸਰਕਾਰੀ ਹਸਪਤਾਲਾਂ ਵਿੱਚ ਹਰ ਪ੍ਰਕਾਰ ਦੀਆਂ ਦਵਾਈਆਂ ਟੈਸਟਾਂ ਨੂੰ ਫ੍ਰੀ ਅਤੇ ਪੂਰੀਆਂ ਦਵਾਈਆਂ ਨੂੰ ਮੁਹੱਈਆ ਕਰਵਾਇਆ ਜਾਵੇ। ਇਸ ਮੌਕੇ ਸੋਡੀ ਲਾਲ, ਇੰਦਰਜੀਤ ਜੱਗੀ, ਹਰਮੇਸ਼ ਸਿੰਘ, ਮੇਜਰ ਸਿੰਘ, ਨਰਿੰਦਰ ਸਿੰਘ, ਹਰਜਿੰਦਰ ਸਿੰਘ, ਕੁਲਦੀਪ ਸਿੰਘ, ਓਮ ਪ੍ਰਕਾਸ਼, ਗੁਰਦਿਆਲ , ਨਿਰੰਜਣ ਕੌਰ, ਸੋਮਾਂ, ਨਿਰਮਲ ਕੌਰ, ਪਰਮਿੰਦਰ ਕੌਰ, ਲਸ਼ਮੀ, ਸੁਖਪ੍ਰੀਤ ਕੌਰ, ਕ੍ਰਿਸ਼ਨਾ ਕੁਮਾਰੀ, ਨਿਰਲੇਪ ਕੌਰ ਅਤੇ ਹੋਰ ਹਾਜ਼ਰ ਸਨ।

# ਸਰਕਾਰੀ ਆਦਰਸ਼ ਸਕੂਲ ਲੋਦੀਪੁਰ ਦੇ ਵਿਦਿਆਰਥੀ ਸਾਇੰਸ ਸਿਟੀ ਲਈ ਰਵਾਨਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ ਦੇ ਵਿਦਿਆਰਥੀ ਸਾਇੰਸ ਸਿਟੀ ਕਪੂਰਥਲਾ ਦੇ ਵਿਦਿਅਕ ਟੂਰ ਲਈ ਰਵਾਨਾ ਹੋਏ। ਜਿਨ੍ਹਾਂ ਨੂੰ ਸਕੂਲ ਦੇ ਪ੍ਰਿੰ. ਅਵਤਾਰ ਸਿੰਘ ਤੇ ਸਟਾਫ ਨੇ ਵਿੱਦਿਅਕ ਟੂਰ ਲਈ ਰਵਾਨਾ ਕੀਤਾ। ਪ੍ਰਿੰ.ਅਵਤਾਰ ਸਿੰਘ ਦੜੋਲੀ ਨੇ ਦੱਸਿਆ ਕਿ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਵਿਦਿਆਰਥੀਆਂ ਵਿੱਚ ਵਿਗਿਆਨਕ ਰੁਚੀਆਂ ਦੇ ਵਿਕਾਸ ਅਤੇ ਵਿਗਿਆਨ ਦੀਆਂ ਕਾਢਾਂ ਦਾ ਗਿਆਨ ਦੇਣ ਹਿੱਤ ਨੌਵੀ, ਦਸਵੀ, ਗਿਆਰ੍ਹਵੀਂ, ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦਾ ਵਿਦਿਅਕ ਟੂਰ ਸਾਇੰਸ ਸਿਟੀ ਕਪੂਰਥਲਾ ਲਈ ਰਵਾਨਾ ਕੀਤਾ ਗਿਆ। ਜਿਸ ਦੀ ਅਗਵਾਈ ਸਕੂਲ ਦੇ ਲੈਕ: ਮਨਿੰਦਰ ਕੌਰ, ਸਾਇੰਸ ਅਧਿਆਪਕ ਹਰਸਿਮਰਨ ਸਿੰਘ ਅਤੇ ਕਮਲਜੀਤ ਕੌਰ, ਦੀਪ ਸ਼ਿਖਾ ਸੈਣੀ, ਚਰਨਜੀਤ ਕੌਰ, ਸੁਰਿੰਦਰਪਾਲ ਸਿੰਘ, ਕਮਲਪ੍ਰੀਤ ਸਿੰਘ ਕਰ ਰਹੇ ਸਨ। ਇਸ ਟੂਰ ਵਿੱਚ 150 ਵਿਦਿਆਰਥੀ ਸ਼ਾਮਲ ਸਨ।

ਇਸ ਮੌਕੇ ਲੈਕ: ਚਰਨਜੀਤ ਸਿੰਘ ਅਤੇ ਸਮੂਹ ਸਟਾਫ ਮੈਬਰ ਮੌਜੂਦ ਸੀ । ਸਕੂਲ ਆਫ ਐਮੀਨੈਂਸ ਦੀ ਆਧੁਨਿਕ ਇਮਾਰਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਜਲਦੀ ਲੋਕ ਅਰਪਣ ਕਰਨ ਜਾ ਰਹੇ ਹਨ। ਸਰਕਾਰੀ ਸਕੂਲਾਂ ਦੇ ਵਿਦਿਆਰਥੀ ਚੰਦਰਯਾਨ-3 ਦੀ ਲਾਚਿੰਗ ਦੇ ਗਵਾਹ ਬਣੇ ਹਨ। ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਸਿੰਘਾਪੁਰ ਵਿੱਚ ਹੈਡਮਾਸਟਰ ਆਈ.ਆਈ ਐਮ ਅਹਿਮਦਾਬਾਦ ਵਿੱਚ ਸਿਖਲਾਈ ਲੈ ਰਹੇ ਹਨ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਪਾਨ ਤੇ ਅਮਰੀਕਾ ਵਰਗੇ ਦੇਸ਼ਾ ਵਿੱਚ ਭੇਜਣ ਦੀ ਤਿਆਰੀ ਹੋ ਰਹੀ ਹੈ। ਸਰਕਾਰੀ ਸਕੂਲਾਂ ਵਿੱਚ ਵਿੱਦਿਆ ਨੂੰ ਹੋਰ ਨਿਖਾਰਨ ਲਈ ਬੁਨਿਆਦੀ ਢਾਚੇ ਤੇ ਰੱਖ ਰਖਾਓ ਵਾਸਤੇ ਕੈਂਪਸ ਮੈਨੇਜਰ, ਸੁਰੱਖਿਆ ਗਾਰਡ, ਚੌਕੀਦਾਰ, ਦਰਜਾ-4 ਕਰਮਚਾਰੀ ਭਰਤੀ ਕੀਤੇ ਜਾ ਰਹੇ ਹਨ। ਡਾ.ਸੰਜੀਵ ਗੌਤਮ, ਹਰਮਿੰਦਰ ਸਿੰਘ ਢਾਹੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ, ਜਸਪਾਲ ਸਿੰਘ ਢਾਹੇ, ਦੀਪਕ ਸੋਨੀ, ਕਮਿੱਕਰ ਸਿੰਘ ਡਾਢੀ, ਜਸਪ੍ਰੀਤ ਜੇ.ਪੀ, ਕੈਪਟਨ ਗੁਰਨਾਮ ਸਿੰਘ, ਡਾ.ਜਰਨੈਲ ਸਿੰਘ, ਜਸਵੀਰ ਸਿੰਘ ਅਰੋੜਾ, ਦੀਪਕ ਆਂਗਰਾ, ਦਵਿੰਦਰ ਸਿੰਘ ਸਿੰਦੂ ਆਦਿ ਆਗੂਆਂ ਨੇ ਵੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਹੈ, ਜਿਨ੍ਹਾਂ ਨੇ ਹੋਣਹਾਰ ਯੋਗ ਨੇਤਾ ਹਰਜੋਤ ਸਿੰਘ ਬੈਂਸ ਨੂੰ ਸਿੱਖਿਆ ਵਿਭਾਗ ਦੀ ਸੇਵਾ ਦਾ ਮੌਕਾ ਦੇ ਕੇ ਪੰਜਾਬ ਦੇ ਸਿੱਖਿਆ ਢਾਂਚੇ ਦਾ ਜ਼ਿਕਰਯੋਗ ਵਿਕਾਸ ਤੇ ਨਵੀਨੀਕਰਨ ਕਰਵਾਇਆ ਹੈ।

# ਐੱਸ ਸੀ ਵਿਦਿਆਰਥੀਆਂ ਦੀਆਂ ਡਿਗਰੀਆਂ ਰੋਕਣ 'ਤੇ ਕਾਲਜਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ : ਏ ਡੀ ਸੀ

**ਜਲੰਧਰ, ( ਸ਼ੈਲੀ ਐਲਬਰਟ)**-ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੋਸਟ ਮੈਟ੍ਰਿਕ ਸਕੀਮ ਤਹਿਤ ਬਕਾਏ ਜਮ੍ਹਾ ਨਾ ਹੋਣ ਦੀ ਸੂਰਤ ਵਿੱਚ ਵਿਦਿਅਕ ਸੰਸਥਾਵਾਂ ਵਲੋਂ ਅਨੁਸੂਚਿਤ ਜਾਤੀਆਂ ਵਿਦਿਆਰਥੀਆਂ ਦੀਆਂ ਡਿਗਰੀਆਂ ਰੋਕੇ ਜਾਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕੀਮ ਦੇ ਨਾਮ 'ਤੇ ਕਿਸੇ ਵਿਦਿਆਰਥੀ ਨੂੰ ਇਮਤਿਹਾਨ ਦੇਣ ਰੋਕਣ ਜਾਂ ਡਿਗਰੀਆਂ ਨੂੰ ਰੋਕਣ ਨੂੰ ਕਿਸੇ ਕੀਮਤ 'ਤੇ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਕੀਮ ਦੀ ਇਸ ਲਈ ਸ਼ੁਰੂਆਤ ਕੀਤੀ ਗਈ ਹੈ ਤਾਂ ਜੋ ਕਮਜ਼ੋਰ ਵਰਗਾਂ ਦੇ ਵਿਦਿਆਰਥੀ ਉਚੱ ਸਿੱਖਿਆ ਹਾਸਿਲ ਕਰਕੇ ਸੂਬੇ ਦੇ ਵਿਕਾਸ ਵਿੱਚ ਵੱਡਮੁੱਲਾ ਯੋਗਦਾਨ ਪਾ ਸਕਣ। ਉਨ੍ਹਾਂ ਕਿਹਾ ਕਿ ਇਸ ਸਕੀਮ ਦੇ ਨਾਂਅ 'ਤੇ ਵਿਦਿਆਰਥੀਆਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰਨਾ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਦਿਅਕ ਸੰਸਥਾਵਾਂ ਦੇ ਸਰਗਰਮ ਸਹਿਯੋਗ ਨਾਲ ਇਸ ਸਕੀਮ ਨੂੰ ਲਾਗੂ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਮੁੱਖ ਮੰਤਵ ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਸਹਾਇਤਾ ਕਰਨਾ ਹੈ ਤਾਂ ਜੋ ਉਹ ਆਪਣੀ ਗ੍ਰੈਜੂਏਸ਼ਨ ਅਤੇ ਮਾਸਟਰ ਡਿਗਰੀ ਮੁਕੰਮਲ ਕਰ ਸਕਣ। ਉਨ੍ਹਾਂ ਕਾਲਜ ਦੇ ਪ੍ਰਤੀਨਿਧੀਆਂ ਨੂੰ ਕਿਹਾ ਕਿ ਆਪਣੀਆਂ-ਆਪਣੀਆਂ ਸੰਸਥਾਵਾਂ ਵਿਖੇ ਸਹਾਇਤਾ

ਡੈਸਕ ਲਗਾਏ ਜਾਣ ਤਾਂ ਜੋ ਇਸ ਸਕੀਮ ਦੇ ਲਾਭਪਾਤਰੀ ਕੋਈ ਮੁਸ਼ਕਿਲ ਪੇਸ਼ ਆਉਣ 'ਤੇ ਸੰਪਰਕ ਕਰ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਕਾਲਜਾਂ ਨੂੰ ਪੋਸਟ ਮੈਟ੍ਰਿਕ ਸਕੀਮ ਸਬੰਧੀ ਹਦਾਇਤਾਂ ਅਤੇ ਅਗਵਾਹੀ ਲੀਹਾਂ ਸਬੰਧੀ ਨੋਟਿਸ ਬੋਰਡ ਵੀ ਲਗਾਉਣੇ ਚਾਹੀਦੇ ਹਨ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਵਲੋਂ ਕਾਲਜ ਪ੍ਰਬੰਧਕਾਂ ਵਲੋਂ ਉਠਾਏ ਗਏ ਮੁੱਦਿਆਂ ਨੂੰ ਵੀ ਸੁਣਿਆ ਗਿਆ ਅਤੇ ਇਨ੍ਹਾਂ ਨੂੰ ਸਮੱਰਥ ਅਥਾਰਟੀ ਪਾਸ ਉਠਾਉਣ ਦਾ ਭਰੋਸਾ ਵੀ ਦਿੱਤਾ

## ਸੀ ਪੀ ਐੱਮ ਵੱਲੋਂ ਮੰਗ ਪੱਤਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੀ ਆਈ (ਐਮ) ਦੀ ਕੌਦਰੀ ਕਮੇਟੀ ਦੇ ਸੱਦੇ 'ਤੇ ਪੂਰੇ ਦੇਸ਼ ਅੰਦਰ 1-7 ਸਤੰਬਰ ਤੱਕ ਕੌਦਰ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਹਫਤਾ ਮਨਾਇਆ। ਇਸਦੇ ਆਖਰੀ ਦਿਨ ਐਸ ਡੀ ਐਮ ਰਾਹੀਂ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਦਿੱਤਾ ਗਿਆ। ਜਿਸ ਵਿਚ ਹੜ੍ਹ ਪੀੜਤਾਂ ਨੂੰ ਫਸਲ ਦਾ 50 ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜਾ, ਦੁਧਾਰੂ ਪਸ਼ੂਆਂ ਦੇ ਨੁਕਸਾਨ ਦਾ ਲੱਖ ਰੁਪੈ, ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਰਸੋਈ ਦੀਆਂ 14 ਚੀਜਾਂ ਡਿਪੂਆਂ ਰਾਹੀਂ ਸਸਤੇ ਰੇਟ ਤੇ ਉਪਲਬਧ ਹੋਣ, ਨਸ਼ੇ ਨੂੰ ਰੋਕਣ ਦੇ ਉਪਰਾਲੇ ਕੀਤੇ ਜਾਣ ਤੇ ਨਸਾ ਤਸਕਰਾਂ ਨੂੰ ਫੜ ਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾਵੇ, ਡੀਜਲ ਪੈਟਰੋਲ ਦੀਆਂ ਕੀਮਤਾਂ ਵਿੱਚ ਕੀਤਾ ਵਾਧਾ ਵਾਪਸ ਲਿਆ ਜਾਵੇ, ਸਿੱਖਿਆ ਨੂੰ ਯਕੀਨੀ ਬਣਾਉਣ ਲਈ ਸਰਕਾਰੀ ਸਕੂਲਾਂ ਵਿੱਚ ਅਮਲਾ ਭੇਜਿਆ ਜਾਵੇ ਆਦਿ ਮੰਗਾਂ ਦਾ ਮੰਗ ਪੱਤਰ ਦਿੱਤਾ ਗਿਆ। ਇਹ ਵਫਦ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਦੀ ਅਗਵਾਈ ਹੇਠ ਐਸ ਡੀ ਐਮ ਨੂੰ ਮਿਲਿਆ ਉਨ੍ਹਾਂ ਦੇ ਨਾਲ ਕਿਸਾਨ ਆਗੂ ਕਮਲਜੀਤ ਸਿੰਘ ਰੱਕੜ , ਗੁਰਦੀਪ ਸਿੰਘ ਗੁਲਾਟੀ ਬਲਦੇਵ ਸਿੰਘ ਕੰਗਰੋੜ ਆਦਿ ਸਾਥੀ ਹਾਜਰ ਸਨ।

## ਮੇਹਲੀ ਵਿਖੇ ਪੁਲਸ ਵੱਲੋਂ ਜਾਗਰੂਕਤਾ ਕੈਂਪ

**ਬਹਿਰਾਮ (ਅਵਤਾਰ ਕਲੇਰ)** ਪੰਜਾਬ ਸਰਕਾਰ ਵਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਏ ਜਾ ਰਹੇ ਅਭਿਆਨ ਤਹਿਤ ਅਖਿਲ ਚੌਧਰੀ ਐਸ ਐਸ ਪੀ ਨਵਾਂਸ਼ਹਿਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ ਐਚ ਓ ਬਹਿਰਾਮ ਬਲਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਮੇਹਲੀ ਚੌਕੀ ਇੰਚਾਰਜ ਸੰਦੀਪ ਸ਼ਰਮਾ ਵਲੋਂ ਮੇਹਲੀ ਵਿਖੇ ਨਸ਼ਾ ਛੁਡਾਊ ਜਾਗਰੂਕਤਾ ਕੈਂਪ ਲਗਾਇਆ ਗਿਆ । ਇਕੱਠ ਨੂੰ ਸੰਬੋਧਨ ਕਰਦਿਆਂ ਸੰਦੀਪ ਸ਼ਰਮਾ ਨੇ ਦੱਸਿਆ ਕਿ ਜੋ ਨੌਜਵਾਨ ਨਸ਼ੇ ਦੀ ਦਲਦਲ ਵਿੱਚ ਧਸ ਗਏ, ਸਰਕਾਰ ਵਲੋਂ ਉਨ੍ਹਾਂ ਦੇ ਇਲਾਜ ਅਤੇ ਮੁੜ ਵਸੇਬੇ ਲਈ ਉਪਰਾਲੇ ਕੀਤੇ ਜਾ ਰਹੇ ਹਨ । ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਲੋੜਵੰਦ ਵਿਅਕਤੀ ਸਾਡੇ ਨਾਲ ਸੰਪਰਕ ਕਰ ਸਕਦੇ ਹਨ । ਉਹਨਾਂ ਦਾ ਇਲਾਜ ਮੁਫਤ ਕੀਤਾ ਜਾਵੇਗਾ। ਸਰਪੰਚ ਸੁਰਿੰਦਰ ਪਾਲ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ । ਇਸ ਮੌਕੇ ਪੁਲਸ ਮੁਲਾਜਮਾਂ ਤੋਂ ਇਲਾਵਾ ਸੁਰਿੰਦਰ ਪਾਲ ਸਰਪੰਚ , ਜਗਪਾਲ ਸਿੰਘ ਪੰਚ , ਨਰੰਜਣ ਦਾਸ ਪੰਚ , ਠੇਕੇਦਾਰ ਦਰਸ਼ਨ ਰਾਮ , ਅਮਨਦੀਪ ਸਿੰਘ , ਪਰਮਿੰਦਰ ਸਿੰਘ , ਅਮਰਜੀਤ ਬੱਬੀ , ਪ੍ਰੇਮ ਬੱਧਣ ਆਦਿ ਹਾਜਰ ਸਨ ।

## ਬੀਬੀ ਨਿਰਮਲਾ ਰਾਣੀ ਦਾ ਸਸਕਾਰ, ਸ਼ੋਕ ਸਭਾ 11 ਨੂੰ

**ਬਹਿਰਾਮ (ਅਵਤਾਰ ਕਲੇਰ)** ਉਘੇ ਕਮਿਊਨਿਸਟ ਆਗੂ ਕਾਮਰੇਡ ਮਦਨ ਗੋਪਾਲ ਮੰਢਾਲੀ ਦੀ ਪਤਨੀ ਅਤੇ ਡੀ ਵਾਈ ਐਫ ਆਈ ਜ਼ਿਲ੍ਹਾ ਨਵਾਂਸ਼ਹਿਰ ਦੇ ਪ੍ਰਧਾਨ ਸੁਸ਼ੀਲ ਕੁਮਾਰ ਮੰਢਾਲੀ ਦੇ ਮਾਤਾ ਨਿਰਮਲਾ ਰਾਣੀ ਦਾ ਸੰਖੇਪ ਬਿਮਾਰੀ ਪਿਛੋਂ ਦਿਹਾਂਤ ਹੋ ਗਿਆ। ਉਹ 76 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ 4 ਬੇਟੀਆਂ ਤੇ ਇੱਕ ਬੇਟਾ ਛੱਡ ਗਏ ਹਨ। ਉਨ੍ਹਾਂ ਨੇ ਆਪਣੇ ਪਤੀ ਦੇ ਨਾਲ ਪਾਰਟੀ ਗਤੀਵਿਧੀਆਂ ਵਿੱਚ ਪੂਰਨ ਸਹਿਯੋਗ ਦਿੱਤਾ ਅਤੇ ਆਪਣੀ ਬੱਚਿਆਂ ਨੂੰ ਚੰਗੀ ਸਿੱਖਿਆ ਦਿੱਤੀ। ਬੀਬੀ ਨਿਰਮਲਾ ਜੀ ਦਾ ਸਸਕਾਰ ਪਿੰਡ ਮੰਢਾਲੀ ਵਿਖੇ ਪਾਰਟੀ ਸਨਮਾਨਾਂ ਨਾਲ ਕਰ ਦਿੱਤਾ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਲਾਲ ਝੰਡਾ ਤਹਿਸੀਲ ਸਕੱਤਰ ਕੁਲਦੀਪ ਝਿੰਗੜ ਤੇ ਸੁਨੀਤਾ ਤਲਵੰਡੀ ਨੇ ਪਾਇਆ । ਸੀ ਪੀ ਆਈ ਐਮ ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ ਜ਼ਿਲ੍ਹਾ ਕਮੇਟੀ ਮੈਂਬਰ ਜੋਗਿੰਦਰ ਲੜੋਆ ਰੌਸ਼ਨ ਲਾਲੀ ਪ੍ਰੇਮ ਸਿੰਘ ਮੰਢਾਲੀ, ਗੁਰਦੀਪ ਸਿੰਘ ਗੁਲਾਟੀ ਆਦਿ ਸਾਥੀਆਂ ਨੇ ਬੀਬੀ ਜੀ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਦੁਖੀ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਇਨਾਂ ਦੀ ਅੰਤਿਮ ਅਰਦਾਸ ਤੇ ਭੋਗ ਦੀ ਰਸਮ 11 ਸਤੰਬਰ ਨੂੰ ਪਿੰਡ ਮੰਢਾਲੀ ਵਿਖੇ ਹੋਵੇਗੀ।

## ਮਹਿਸਮਪੁਰ ਸਕੂਲ ਦੀ ਰਹੀ ਝੰਡੀ

**ਮਹਿਤਪੁਰ (ਰਾਜਾ)** ਖੇਡਾਂ ਵਤਨ ਪੰਜਾਬ ਦੀਆਂ ਜੋ ਕਿ ਮਹਿਤਪੁਰ ਬਲਾਕ ਜੀ ਜੀ ਐਚ ਜੀ ਬੇਟ ਖਾਲਸਾ ਸਕੂਲ ਵਿੱਚ ਚੱਲ ਰਹੀਆਂ ਹਨ, ਸਰਕਾਰੀ ਹਾਈ ਸਕੂਲ ਦੇ ਖਿਡਾਰੀਆਂ ਨੇ ਖੋਖੋ ਵਿੱਚ ਆਪਣੀ ਪਹਿਚਾਣ ਬਣਾਉਂਦੇ ਹੋਏ ਅੰਡਰ 14 ਅੰਡਰ 17 ਕੁੜੀਆਂ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ 14 ਕੁੜੀਆਂ ਖੋ-ਖੋ ਦੂਸਰਾ ਸਥਾਨ ਪ੍ਰਾਪਤ ਕੀਤਾ ਅੰਡਰ 17 ਮੁੰਡਿਆਂ ਦੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਵਾਲੀਬਾਲ ਵਿਚ ਕੁੜੀਆਂ 17 ਪਹਿਲਾ ਸਥਾਨ ਪ੍ਰਾਪਤ ਕੀਤਾ। ਪਹਿਲਾਂ ਦੀ ਤਰ੍ਹਾਂ ਸਰਕਾਰੀ ਹਾਈ ਸਕੂਲ ਮਹਿਸਮਪੁਰ ਨੇ ਆਪਣੀ ਪਹਿਚਾਣ ਬਣਾ ਕੇ ਰੱਖੀ। ਇਸ ਦੌਰਾਨ ਮੈਡਮ ਮੀਨਾਕਸ਼ੀ, ਮੈਡਮ ਲਖਵਿੰਦਰ ਕੌਰ, ਰਾਜਵਿੰਦਰ ਕੌਰ, ਅਮਨਦੀਪ ਕੌਰ ਹਾਜਰ ਸਨ। ਸਕੂਲ ਮੁਖੀ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਬਤੌਰ ਕਨਵੀਨਰ ਵੀ ਡਿਊਟੀ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸਮੂਹ ਸਟਾਫ, ਵਿਦਿਆਰਥੀਆਂ ਅਤੇ ਮਾਤਾ ਪਿਤਾ ਨੂੰ ਵਧਾਈ ਦਿੱਤੀ।

# ਵਿਦਿਆਰਥੀ ਆਪ ਤਿਆਰ ਕਰਨਗੇ ਆਪਣੀ ਪਾਠ-ਪੁਸਤਕ ਦੇ ਸਰਵਰਕ

**ਐੱਸ.ਏ.ਐੱਸ (ਗੁਰਜੀਤ ਬਿੱਲਾ)**-ਪੰਜਾਬ ਸਕੂਲ ਸਿੱਖਿਆ ਬੋਰਡ ਨੇ ਆਪਣੇ ਵਿਦਿਆਰਥੀਆਂ ਨੂੰ ਪਹਿਲੀ ਤੋਂ ਬਾਰ੍ਹਵੀਂ ਸ਼੍ਰੇਣੀਆਂ ਤੱਕ ਦੀਆਂ ਆਪਣੀਆਂ ਪਾਠ-ਪੁਸਤਕਾਂ ਦੇ ਸਰਵਰਕਾਂ ਦੇ ਡਿਜ਼ਾਈਨ ਆਪ ਤਿਆਰ ਕਰਨ ਦਾ ਮੌਕਾ ਦਿੱਤ

8-SEP-PAGE-10.qxd 9/7/2023 10:59 PM Page 1



# ਕਿਰਤ ਕਾਨੂੰਨਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕਰਾਗੇ : ਐਡਵੋਕੇਟ ਉੱਡਤ/ਚੌਹਾਨ

■ ਏਟਕ ਵੱਲੋਂ ਲੇਬਰ ਅਫਸਰ ਦੇ ਦਫਤਰ ਦਾ ਘਿਰਾਓ

**ਮਾਨਸਾ (ਆਤਮਾ ਸਿੰਘ ਪਮਾਰ)**-ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਜਿਲ੍ਹਾ ਮਾਨਸਾ ਵੱਲੋਂ ਸਥਾਨਕ ਲੇਬਰ ਅਫਸਰ ਦੇ ਦਫਤਰ ਦਾ ਘਿਰਾਓ ਕੀਤਾ ਗਿਆ। ਏਟਕ ਵਰਕਰਾਂ ਨੇ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਭੀਖੀ ਆਰਿਆਂ 'ਤੇ ਕੰਮ ਕਰਦੇ ਵਰਕਰਾਂ ਨੂੰ ਕਿਰਤ ਕਾਨੂੰਨਾਂ ਅਨੁਸਾਰ ਹਫਤਾਵਾਰੀ ਤੇ ਗਜ਼ਟਿਡ ਛੁੱਟੀਆਂ, ਵਰਕਰਾਂ ਨੂੰ ਘੱਟੋ-ਘੱਟ ਉਜ਼ਰਤਾਂ ਦੇ ਤਹਿਤ ਤਨਖਾਹਾਂ ਦਿੱਤੀਆਂ ਜਾਣ, ਕੰਮ ਤੋਂ ਜਬਰੀ ਹਟਾਏ ਗਏ ਵਰਕਰ ਕੰਮ 'ਤੇ ਰੱਖੇ ਜਾਣ ਤੇ ਉਸਾਰੀ ਵੈੱਲਫੇਅਰ ਬੋਰਡ ਦੀਆਂ ਸਕੀਮਾਂ ਦੀ ਰਾਸ਼ੀ ਫੌਰੀ ਤੌਰ 'ਤੇ ਜਾਰੀ ਕੀਤੀ ਜਾਵੇ।

ਇਸ ਮੌਕੇ ਸੰਬੋਧਨ ਕਰਦਿਆਂ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਕ੍ਰਿਸ਼ਨ ਚੌਹਾਨ ਤੇ ਸਰਵ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਰਾਜਿੰਦਰ ਸਿੰਘ ਹੀਰੇਵਾਲਾ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਚੱਲ ਰਹੇ ਉਦਯੋਗਕ ਅਦਾਰਿਆਂ ਵਿੱਚ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਤੇ ਕਿਰਤ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਉਨ੍ਹਾ ਕਿਹਾ ਕਿ ਕਿਰਤੀਆਂ ਦੇ ਹੱਕਾਂ ਦੀ ਰਾਖੀ ਜਥੇਬੰਦ ਹੋ ਕੇ ਸੰਘਰਸ਼ ਦੇ ਜ਼ਰੀਏ ਕੀਤੀ ਜਾਵੇਗੀ।

ਇਸ ਮੌਕੇ ਲੇਬਰ ਅਫਸਰ ਮਾਨਸਾ ਨੇ ਧਰਨੇ ਵਿੱਚ ਆ ਕੇ ਪ੍ਰਦਰਸ਼ਨਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਜਲਦ ਪੂਰੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਰੂਪ ਸਿੰਘ ਢਿੱਲੋਂ, ਬਲਵੰਤ ਭੈਣੀਬਾਘਾ, ਸੁਖਦੇਵ ਸਿੰਘ ਮਾਨਸਾ, ਰਾਜਿੰਦਰ ਸਿੰਘ ਝੁਨੀਰ, ਸੁਖਦੇਵ ਸਿੰਘ ਖੀਵਾ, ਬੂਟਾ ਸਿੰਘ ਖੀਵਾ, ਦਾਰਾ ਖਾਂ ਦਲੇਲ ਸਿੰਘ ਵਾਲਾ ਤੇ ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।

# ਭਾਰਤ ਜੋੜੋ ਯਾਤਰਾ 'ਚ ਸ਼ਾਮਲ ਹੋਣ ਲਈ ਕਾਫਲਾ ਰਵਾਨਾ

**ਮੱਖੂ (ਰਛਪਾਲ ਸਿੰਘ ਸੰਧੂ)**-ਭਾਰਤ ਜੋੜੋ ਯਾਤਰਾ ਦਾ ਇਕ ਸਾਲ ਪੂਰਾ ਹੋਣ 'ਤੇ ਕੁੱਲ ਹਿੰਦ ਕਾਂਗਰਸ ਕਮੇਟੀ ਪਾਰਟੀ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਾਂਗਰਸ ਪਾਰਟੀ ਵੱਲੋਂ ਸਮੁੱਚੇ ਦੇਸ਼ ਵਿੱਚ ਜ਼ਿਲ੍ਹਾ ਪੱਧਰ 'ਤੇ ਕੱਢੀ ਜਾ ਰਹੀ ਭਾਰਤ ਜੋੜੋ ਯਾਤਰਾ ਕਾਂਗਰਸ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦੀ ਅਗਵਾਈ ਹੇਠ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕੱਢੀ ਜਾ ਰਹੀ ਭਾਰਤ ਜੋੜੋ ਯਾਤਰਾ ਵਿੱਚ ਸ਼ਾਮਲ ਹੋਣ ਲਈ ਕਾਂਗਰਸ ਕਮੇਟੀ ਬਲਾਕ ਮਖੂ ਦੇ ਸ਼ਹਿਰੀ ਪ੍ਰਧਾਨ ਸ਼ਵ ਸਾਗਰ ਸ਼ਰਮਾ ਦੀ ਅਗਵਾਈ ਹੇਠ ਮਖੂ ਤੋਂ ਕਾਂਗਰਸੀ ਆਗੂਆਂ ਤੇ ਵਰਕਰਾਂ ਦਾ ਕਾਫਲਾ ਰਵਾਨਾ ਹੋਇਆ। ਇਸ ਮੌਕੇ ਕਾਂਗਰਸ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਮੀਤ ਪ੍ਰਧਾਨ ਜਥੇ: ਗੁਰਮੇਜ ਸਿੰਘ ਬਾਹਰਵਾਲੀ, ਮਹਿੰਦਰ ਮਦਾਨ, ਬੋਹੜ ਸਿੰਘ ਝੱਧਰਵਾਲਾ, ਰਸਪਾਲ ਸਿੰਘ ਲਾਡਾ, ਨਰਿੰਦਰ ਮਹਿਤਾ ਐੱਮ ਸੀ, ਨਸੀਬ ਸਿੰਘ ਨੰਬਰਦਾਰ, ਬਲਵੀਰ ਸਿੰਘ ਸਰਪੰਚ ਮੋਚੀ ਵਾਲਾ, ਐਡਵੋਕਟ ਵਿਕਰਮ ਕਪੂਰ, ਵੀਨੂੰ ਸਾਹ, ਲਵਜੀਤ ਸਿੰਘ ਛੀਨਾ, ਤਰੁਣ ਸ਼ਰਮਾ, ਲੱਕੀ ਸ਼ਰਮਾ, ਅਜੈਦੀਪ ਸਿੰਘ ਸਿਆਲ, ਚਰਨਜੀਤ ਸਿੰਘ, ਹਰਵਿੰਦਰ ਸਿੰਘ ਖਹਿਰਾ, ਫਰਿਆਦ ਸੈਮ ਮਸੀਹ, ਲੁੱਕਾ ਮਸੀਹ ਤੇ ਹੋਰ ਕਾਂਗਰਸੀ ਵਰਕਰ ਹਾਜ਼ਰ ਸਨ।

# ਬਿਜਲੀ ਕਾਮਿਆਂ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਸੰਘਰਸ਼ ਦਾ ਐਲਾਨ

**ਸਮਰਾਲਾ (ਸੁਰਜੀਤ ਸਿੰਘ)**-ਪੀ.ਐਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਵੱਲੋਂ ਪਾਵਰ ਮੈਨੇਜਮੈਂਟ ਪਾਸੋਂ ਬਿਜਲੀ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਅਤੇ ਰਹਿੰਦੀਆਂ ਮੰਗਾਂ ਦੇ ਨਿਪਟਾਰੇ ਲਈ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸ ਯੂਨੀਅਨ, ਪੀ.ਐਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ, ਇੰਪਲਾਈਜ਼ ਫੈਡਰੇਸ਼ਨ (ਸੁਰਿੰਦਰ ਸਿੰਘ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਮਨਿਸਟੀਰੀਅਲ ਸਰਵਿਸਜ਼ ਯੂਨੀਅਨ, ਵਰਕਰਜ਼ ਫੈਡਰੇਸ਼ਨ (ਇੰਟਕ) ਥਰਮਲਜ਼ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ, ਹੈਡ ਆਫਿਸ ਇੰਪਲਾਈਜ਼ ਫੈਡਰੇਸ਼ਨ ਅਤੇ ਸਬ ਸਟੇਸ਼ਨ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਾਥੀ ਰਤਨ ਸਿੰਘ ਮਜਾਰੀ ਦੀ ਪ੍ਰਧਾਨਗੀ ਹੇਠ ਹੋਈ ਜੁਆਇੰਟ ਫੋਰਮ ਦੀ ਮੀਟਿੰਗ ਵਿੱਚ ਕੀਤਾ ਗਿਆ। ਜਿਸ ਅਨੁਸਾਰ 14 ਸਤੰਬਰ ਨੂੰ ਪੰਜਾਬ ਦੇ ਸਮੁੱਚੇ ਉਪ ਮੰਡਲ / ਮੰਡਲ ਦਫਤਰਾਂ ਅੱਗੇ ਪੰਜਾਬ ਸਰਕਾਰ ਵੱਲੋਂ ਲਾਗੂ ਮਜਦੂਰਾਂ, ਮੁਲਾਜ਼ਮਾਂ ਵਿਰੋਧੀ ਐਸਮਾ ਕਾਨੂੰਨ ਦੀਆਂ ਕਾਪੀਆਂ ਅਤੇ ਪੰਜਾਬ ਸਰਕਾਰ ਦੀ ਅਰਥੀ ਸਾੜ ਕੇ ਰੋਸ ਪ੍ਰਗਟ ਕੀਤਾ ਜਾਵੇਗਾ। 19 ਸਤੰਬਰ ਤੋਂ 13 ਅਕਤੂਬਰ ਤੱਕ ਪੰਜਾਬ ਦੇ ਸਮੁੱਚੇ ਸਰਕਲਾਂ ਅੱਗੇ ਪਾਵਰ ਮੈਨੇਜਮੈਂਟ ਦੇ ਮੁਲਾਜਮ ਵਿਰੋਧੀ ਰਵੱਈਏ ਵਿਰੁੱਧ ਧਰਨੇ ਦਿੱਤੇ ਜਾਣਗੇ। 17 ਅਕਤੂਬਰ ਤੋਂ 27 ਅਕਤੂਬਰ ਤੱਕ ਜੋਨਲ ਕਨਵੈਨਸ਼ਨਾਂ ਅਤੇ 8 ਨਵੰਬਰ ਨੂੰ ਹੈਡ ਆਫਿਸ ਪਟਿਆਲਾ ਅੱਗੇ ਸੂਬਾਈ ਧਰਨਾ ਦੇਣ ਉਪਰੰਤ ਨਵੰਬਰ ਦੇ ਆਖਰੀ ਹਫਤੇ ਸੂਬਾ ਪੱਧਰ 'ਤੇ ਇੱਕ ਰੋਜ਼ਾ ਮੁਕੰਮਲ ਹੜਤਾਲ ਕੀਤੀ ਜਾਵੇਗੀ। ਇਨ੍ਹਾਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਸਰਬ ਸਾਥੀ ਕਰਮਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ, ਕੌਰ ਸਿੰਘ ਸੋਹੀ, ਹਰਪਾਲ ਸਿੰਘ, ਜਗਰੂਪ ਸਿੰਘ ਮਹਿਮਦਪੁਰ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੈਂਥ, ਸਿਕੰਦਰ ਨਾਥ, ਸੁਖਵਿੰਦਰ ਸਿੰਘ ਚਾਹਲ, ਕੁਲਵਿੰਦਰ ਸਿੰਘ ਢਿੱਲੋਂ, ਬਲਜੀਤ ਸਿੰਘ ਮੋਦਲਾ ਨੇ ਦੱਸਿਆ ਕਿ ਬਿਜਲੀ ਮੰਤਰੀ ਪੰਜਾਬ ਪਾਵਰ ਮੈਨੇਜਮੈਂਟ ਅਤੇ ਜੁਆਇੰਟ ਫੋਰਮ ਦੇ ਨੁਮਾਇੰਦਿਆਂ ਨਾਲ ਹੋਈਆਂ ਮੀਟਿੰਗਾਂ ਵਿੱਚ ਲਏ ਫੈਸਲਿਆਂ ਅਨੁਸਾਰ ਮੁਲਾਜਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਅਤੇ ਰਹਿੰਦੀਆਂ ਮੰਗਾਂ ਦੇ ਨਿਪਟਾਰੇ ਲਈ ਲਗਾਤਾਰ ਟਾਲਮਟੋਲ ਕਰ ਰਹੀ ਹੈ। ਜਿਸ ਕਾਰਨ ਮੁਲਾਜਮਾਂ ਨੂੰ ਸੰਘਰਸ਼ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਬ ਸਾਥੀ ਸਰਬਜੀਤ ਸਿੰਘ ਭਾਣਾ, ਜਰਨੈਲ ਸਿੰਘ ਔਲਖ, ਲਖਵਿੰਦਰ ਸਿੰਘ, ਰਘਬੀਰ ਸਿੰਘ, ਲਖਵੰਤ ਸਿੰਘ ਦਿਓਲ, ਆਦਿ ਸਾਥੀ ਹਾਜ਼ਰ ਸਨ। ਮੀਟਿੰਗ ਵਿੱਚ ਇੱਕ ਮਤੇ ਰਾਹੀਂ ਹੈਡ ਆਫਿਸ ਪਟਿਆਲਾ ਵਿਖੇ ਸ਼ਾਂਤੀਪੂਰਵਕ ਸੰਘਰਸ਼ ਕਰ ਰਹੇ ਬੇਰੋਜ਼ਗਾਰ ਲਾਈਨਮੈਨਾਂ 'ਤੇ ਅਣਮਨੁੱਖੀ ਲਾਠੀਚਾਰਜ ਕਰਕੇ ਹੱਕੀ ਸੰਘਰਸ਼ ਨੂੰ ਕੁਚਲਣ ਦੀ ਸਖਤ ਨਿੰਦਾ ਕਰਦਿਆਂ ਲਾਠੀਚਾਰਜ ਕਰਨ ਵਾਲੇ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ।

# 'ਖੇਡਾਂ ਵਤਨ ਪੰਜਾਬ ਦੀਆਂ' 'ਚ ਰੱਤੋਕੇ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਪੰਜਾਬ ਵਿੱਚ ਖੇਡਾਂ ਨੂੰ ਪ੍ਰਫੁਲਤ ਕਰਨ ਲਈ ਪੰਜਾਬ ਖੇਡ ਵਿਭਾਗ ਵੱਲੋਂ ਪੂਰੇ ਪੰਜਾਬ ਵਿੱਚ ਖੇਡਾਂ ਵਤਨ ਪੰਜਾਬ ਦੀਆਂ ਪੂਰੇ ਜ਼ੋਰ-ਸ਼ੋਰ ਨਾਲ਼ ਕਾਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਸਕੂਲਾਂ, ਕਲੱਬਾਂ ਤੇ ਹੋਰ ਸੰਸਥਾਨਾਂ ਦੇ ਖਿਡਾਰੀ ਭਾਗ ਲੈ ਰਹੇ ਹਨ। ਇਨ੍ਹਾਂ ਖੇਡਾਂ ਦੇ ਬਲਾਕ ਸੰਗਰੂਰ ਦੇ ਮੁਕਾਬਲੇ ਸ਼੍ਰੀ ਮਸਤੂਆਣਾ ਸਾਹਿਬ ਵਿਖੇ ਹੋ ਰਹੇ ਹਨ, ਜਿਨ੍ਹਾਂ ਵਿੱਚ ਰੱਤੋਕੇ ਸਕੂਲ ਦੇ ਖਿਡਾਰੀਆਂ ਦਾ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ। ਸਕੂਲ ਦੇ ਖੋ-ਖੋ ਦੀਆਂ ਲੜਕੇ ਤੇ ਲੜਕੀਆਂ ਦੀਆਂ ਦੋਵੇਂ ਟੀਮਾਂ ਨੇ ਬਲਾਕ ਸੰਗਰੂਰ ਵਿੱਚ ਪਹਿਲੇ ਸਥਾਨ ਹਾਸਲ ਕੀਤੇ ਤੇ ਰੱਤੋਕੇ ਸਕੂਲ ਦੀ ਹੀ ਜੂਨੀਅਰ ਟੀਮ ਨੇ ਖੋ-ਖੋ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ, ਰੱਸਾ ਖਿੱਚਣ ਮੁਕਾਬਲੇ ਵਿੱਚ ਵੀ ਰੱਤੋਕੇ ਦੀਆਂ ਲੜਕੀਆਂ ਨੇ ਸਭ ਨੂੰ ਪਛਾੜਿਆ ਤੇ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਦੇ ਖੇਡ ਇੰਚਾਰਜ ਸੁਖਪਾਲ ਸਿੰਘ, ਸਹਾਇਕ ਇੰਚਾਰਜ ਮੈਡਮ ਚਰਨਜੀਤ ਕੌਰ, ਰੇਣੂ ਸਿੰਗਲਾ ਨੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਵਧਾਈ ਦਿੱਤੀ। ਸਰਪੰਚ ਕੁਲਦੀਪ ਕੌਰ ਨੇ ਕਿਹਾ ਕਿ ਟੀਮਾਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਸਿਹਰਾ ਸਟਾਫ, ਟੀਮਾਂ ਦੇ ਕੋਚ ਅੰਮ੍ਰਿਤਪਾਲ ਸਿੰਘ ਤੇ ਸਹਿਲਪ੍ਰੀਤ ਨੂੰ ਜਾਂਦਾ ਹੈ, ਜੋ ਦਿਨ-ਰਾਤ ਮਿਹਨਤ ਕਰਕੇ ਵਿਦਿਆਰਥੀਆਂ ਨੂੰ ਤਿਆਰ ਕਰ ਰਹੇ ਹਨ। ਇਸ ਸਮੇਂ ਮੈਡਮ ਪਰਵੀਨ ਕੌਰ, ਸੱਤਪਾਲ ਕੌਰ ਤੇ ਪ੍ਰਦੀਪ ਸਿੰਘ ਨੇ ਵੀ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।

# ਬਰਗਰ ਕੈਫੇ 'ਚ ਸਿਲੰਡਰ ਫਟਣ ਨਾਲ ਲੱਖਾਂ ਦਾ ਸਾਮਾਨ ਸੜ ਕੇ ਸਵਾਹ

## ਅੱਧੀ ਦਰਜਨ ਵਿਅਕਤੀ ਜ਼ਖਮੀ, ਜਾਨੀ ਨੁਕਸਾਨ ਤੋਂ ਬਚਾਅ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਹਿਰ ਦੇ ਚੁਨਾਗਰਾ ਰੋਡ ਉੱਤੇ ਫਾਸਟ ਫੂਡ ਬਣਾਉਣ ਵਾਲੇ ਬਰਗਰ ਕੈਫੇ ਵਿੱਚ ਬੀਤੇ ਦਿਨ ਦੁਪਹਿਰ ਸਮੇਂ ਗਸ ਸਿਲੰਡਰ ਫਟ ਗਿਆ। ਦੁਕਾਨ ਵਿੱਚ ਕੰਮ ਕਰਦੇ ਸਮੇਂ ਅਚਾਨਕ ਸਿਲੰਡਰ ਫਟ ਜਾਣ ਦੀ ਵਾਪਰੀ ਘਟਨਾ ਵਿੱਚ ਭਾਵੇਂ ਨੁਕਸਾਨ ਤੋਂ ਬਚਾ ਹੋ ਗਿਆ, ਪਰ ਅੱਗ ਬੁਝਾਉਣ ਦੀ ਕੋਸ਼ਿਸ਼ ਵਿੱਚ ਲੱਗੇ ਅੱਧੀ ਦਰਜਨ ਦੇ ਕਰੀਬ ਵਿਅਕਤੀ ਸਿਲੰਡਰ ਫਟਣ ਸਮੇਂ ਹੋਏ ਜ਼ੋਰਦਾਰ ਧਮਾਕੇ ਕਰਕੇ ਦੁਕਾਨ ਦੇ ਦਰਵਾਜ਼ੇ ਨੂੰ ਲੱਗੇ ਕੈਬਿਨ ਦਾ ਸ਼ੀਸ਼ਾ ਚਕਨਾਚੂਰ ਹੋਣ ਕਰਕੇ ਵੱਜੇ ਟੁੱਕੜਿਆਂ ਕਰਕੇ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਨੂੰ ਸੱਟ ਜ਼ਿਆਦਾ ਹੋਣ ਕਰਕੇ ਹਸਪਤਾਲ ਦਾਖਲ ਕਰਵਾਇਆ ਗਿਆ। ਅੱਗ ਲੱਗਣ ਦੀ ਵਾਪਰੀ ਇਸ ਘਟਨਾ ਦੌਰਾਨ ਦੁਕਾਨ ਅੰਦਰਲਾ ਲੱਖਾਂ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਘਟਨਾ ਸੰਬੰਧੀ ਅੱਗ ਬੁਝਾਊ ਦਸਤੇ ਨੂੰ ਸੂਚਿਤ ਕੀਤੇ ਜਾਣ ਦੇ ਬਾਵਜੂਦ ਫਾਇਰ ਬ੍ਰਿਗੇਡ ਦੀ ਗੱਡੀ ਕਰੀਬ ਸਵਾ ਘੰਟੇ ਬਾਅਦ ਪੁੱਜੀ, ਪਰ ਇਸ ਤੋਂ ਪਹਿਲਾਂ ਇਕੱਠੇ ਹੋਏ ਲੋਕਾਂ ਵੱਲੋਂ ਅੱਗ ਉੱਤੇ ਕਾਬੂ ਪਾ ਲਿਆ ਗਿਆ। ਅੱਗ ਬਝਾਉਣ ਵਾਲੀ ਗੱਡੀ ਦੇ ਦੇਰੀ ਨਾਲ ਪਹੁੰਚਣ ਨੂੰ ਲੈ ਕੇ ਦੁਕਾਨਦਾਰਾਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲਿਆ। ਇਸ ਘਟਨਾ ਦੌਰਾਨ ਡੇਰਾ ਸੱਚਾ ਸੌਦਾ ਸਿਰਸਾ ਦੀ ਗਰੀਨ ਐੱਸ ਵੈੱਲਫੇਅਰ ਫੋਰਸ ਦੇ ਵਲੰਟੀਅਰਾਂ ਵੱਲੋਂ ਰਾਹਤ ਕਾਰਜਾਂ ਵਿੱਚ ਨਿਭਾਏ ਰੋਲ ਦੀ ਹਰ ਪਾਸੇ ਸ਼ਲਾਘਾ ਕੀਤੀ ਜਾ ਰਹੀ ਹੈ।

# ਪੀ ਸੀ ਸੀ ਟੀ (ਲੋਕਲ ਯੂਨਿਟ) ਵੱਲੋਂ ਧਰਨਾ

**ਮਾਛੀਵਾੜਾ/ਸਮਰਾਲਾ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ/ਸੁਰਜੀਤ ਸਿੰਘ)**-ਸਮਰਾਲਾ ਵਿਖੇ ਪੀ.ਸੀ.ਸੀ.ਟੀ. (ਲੋਕਲ ਯੂਨਿਟ) ਵੱਲੋਂ ਪੰਜਾਬ ਤੇ ਚੰਡੀਗੜ੍ਹ ਟੀਚਰ ਯੂਨੀਅਨ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੀਜੇ ਅਤੇ ਚੌਥੇ ਪੀਰੀਅਡ ਵਿੱਚ ਧਰਨਾ ਦਿੱਤਾ ਗਿਆ, ਜਿਸ ਵਿੱਚ ਸੱਤਵੇਂ ਪੇ ਸਕੇਲ, ਜਿਹੜਾ ਕਿ ਪੰਜਾਬ ਸਰਕਾਰ ਨੇ ਪਿਛਲੇ ਸਾਲ 5 ਸਤੰਬਰ 2022 ਨੂੰ ਅਧਿਆਪਕ ਦਿਵਸ ਦੇ ਮੌਕੇ 'ਤੇ ਦੇਣ ਦਾ ਐਲਾਨ ਕੀਤਾ ਸੀ, ਨੂੰ ਅਮਲੀ ਰੂਪ ਵਿੱਚ ਲਾਗੂ ਨਾ ਕਰਨ ਦਾ ਵਿਰੋਧ ਕੀਤਾ ਗਿਆ। ਇਸ ਤੋਂ ਇਲਾਵਾ ਯੂਨਿਟ ਦੇ ਪ੍ਰਧਾਨ ਡਾ. ਹਰਿੰਦਰਜੀਤ ਸਿੰਘ ਕਲੇਰ ਤੇ ਪ੍ਰੋ. ਜਗਦੀਪ ਸਿੰਘ ਵੱਲੋਂ ਮੰਗ ਕੀਤੀ ਗਈ ਕਿ ਸੱਤਵਾਂ ਪੇ ਸਕੇਲ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇ ਤੇ ਜਿਹੜੇ ਅਧਿਆਪਕ 1925 ਪੋਸਟਾਂ ਦੇ ਵਿਰੁੱਧ ਤਕਰੀਬਨ ਲੰਬੇ ਸਮੇਂ ਤੋਂ ਕੰਮ ਕਰਦੇ ਆ ਰਹੇ ਹਨ, ਉਨ੍ਹਾਂ ਨੂੰ 95% ਗ੍ਰਾਂਟ ਇੰਨ ਏਡ ਵਿੱਚ ਤਬਦੀਲ ਕੀਤਾ ਜਾਵੇ ਤਾਂ ਕਿ ਉਨ੍ਹਾਂ ਦੀ ਰੈਗੂਲਾਈਜ਼ੇਸ਼ਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇ ਤੇ ਉਨ੍ਹਾਂ ਵਿੱਚ ਹੋਰ ਵੀ ਆਤਮ ਵਿਸ਼ਵਾਸ ਵਧ ਸਕੇ। ਹੋਰਨਾਂ ਤੋਂ ਇਲਾਵਾ ਪ੍ਰੋ. ਇੰਦਰਜੀਤ ਸਿੰਘ, ਪ੍ਰੋ. ਨਿਰਵੈਰ ਸਿੰਘ, ਪ੍ਰੋ. ਅਮਨਪ੍ਰੀਤ ਸਿੰਘ, ਪ੍ਰੋ. ਇਮਰੋਜਪ੍ਰੀਤ ਤੇ ਹਰਮੀਤ ਸਿੰਘ ਵੀ ਇਸ ਧਰਨੇ ਵਿੱਚ ਹਾਜ਼ਰ ਸਨ।

# ਕੀਮਤੀ ਜਾਨਾਂ ਬਚਾਉਣ 'ਚ ਸਹਾਈ ਹੁੰਦੇ ਹਨ ਖੂਨਦਾਨੀ : ਡਾ. ਜਸਦੇਵ ਸਿੰਘ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸੈਂਕੀ ਸ਼ਰਮਾ)**-ਸਮਾਜ ਸੇਵੀ ਕਾਰਜਾਂ ਵਿੱਚ ਜੁਟੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੋਸਾਇਟੀ ਐੱਨਜੀਓ (ਰਜਿ:) ਤੇ ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵੱਲੋਂ ਭਾਰਗਵ ਚਾਨਣਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਪਬਲਿਕ ਕਲੀਨਿਕ ਲੈਬੋਰੇਟਰੀ ਨੇੜੇ ਸਿਵਲ ਹਸਪਤਾਲ ਮਾਛੀਵਾੜਾ ਸਾਹਿਬ ਵਿਖੇ ਖੂਨਦਾਨ ਕ

8-SEP-PAGE-11-Majha-23.qxd 9/7/2023 11:26 PM Page 1



# 'ਖੇਡਾਂ ਵਤਨ ਪੰਜਾਬ ਦੀਆਂ' ਦੇ ਖੇਡ ਮੁਕਾਬਲਿਆਂ ਦਾ ਹੋਇਆ ਸ਼ਾਨਦਾਰ ਆਗਾਜ਼

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਬੀਤੇ ਦਿਨੀਂ ਸ਼ਹੀਦ ਨਵਦੀਪ ਸਿੰਘ ਸਟੇਡੀਅਮ ਗੁਰਦਾਸਪੁਰ ਵਿਖੇ ਬਲਾਕ ਪੱਧਰੀ ਖੇਡ ਮੁਕਾਬਲਿਆਂ ਦਾ ਸ਼ਾਨਦਾਰ ਅਗਾਜ਼ ਹੋਇਆ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਰੰਗ-ਬਿਰੰਗੇ ਗੁਬਾਰੇ ਛੱਡ ਕੇ ਇਨ੍ਹਾਂ ਬਲਾਕ ਪੱਧਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ। ਬਲਾਕ ਗੁਰਦਾਸਪੁਰ ਦੇ ਖੇਡ ਮੁਕਾਬਲਿਆਂ ਦਾ ਉਦਘਾਟਨ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਅਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਯਤਨਾਂ ਸਦਕਾ ਪੰਜਾਬ ਵਿੱਚ ਪਿਛਲੇ ਸਾਲ ਤੋਂ ਖੇਡਾਂ ਦਾ ਨਵਾਂ ਦੌਰ ਸ਼ੁਰੂ ਹੋਇਆ ਹੈ ਅਤੇ ਹੁਣ ਪੰਜਾਬ ਦੇ ਨੌਜਵਾਨ ਖੇਡਾਂ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਸਾਲ ਹੋਣ ਵਾਲੇ ਖੇਡਾਂ ਵਤਨ ਪੰਜਾਬ ਦੀਆਂ ਖੇਡ ਮੁਕਾਬਲਿਆਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਵੀਂ ਸੇਧ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਕੇ ਉਭਰੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਡਾਂ ਨਾ ਸਿਰਫ ਸਾਨੂੰ ਤੰਦਰੁਸਤ ਰੱਖਦੀਆਂ ਹਨ ਬਲਕਿ ਇਹ ਅਨੁਸ਼ਾਸਨ ਅਤੇ ਜੀਵਨ ਜਾਚ ਵੀ ਸਿਖਾਉਂਦੀਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ 'ਖੇਡਾਂ ਵਤਨ ਪੰਜਾਬ ਦੀਆਂ' ਨਾਲ ਜੁੜ ਕੇ ਰੰਗਲਾ ਪੰਜਾਬ ਸਿਰਜਣ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਉਦਮ ਸਦਕਾ ਸੂਬੇ ਵਿਚ ਖੇਡ ਸੱਭਿਆਚਾਰ ਵੱਧਿਆ ਹੈ। ਇਸ ਦੌਰਾਨ ਉਨ੍ਹਾਂ ਖਿਡਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਉਦਘਾਟਨੀ ਸਮਾਗਮ ਮੌਕੇ ਲੜਕੇ ਅਤੇ ਲੜਕੀਆਂ ਦੇ ਵੱਖ-ਵੱਖ ਵਰਗਾਂ ਦੇ ਅਥਲੈਟਿਕਸ, ਖੋ-ਖੋ ਦੇ ਮੁਕਾਬਲੇ ਕਰਵਾਏ ਗਏ।

ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਸਿਮਰਨਜੀਤ ਸਿੰਘ, ਸਰਕਾਰੀ ਕਾਲਜ ਪ੍ਰਿੰਸੀਪਲ ਪ੍ਰੀਤ ਦਵਿੰਦਰ ਕੌਰ, ਪ੍ਰੋ. ਬਲਜੀਤ ਸਿੰਘ, ਸਿੱਖਿਆ ਵਿਭਾਗ ਦੇ ਸਪੋਰਟਸ ਕੋਆਰਡੀਨੇਟਰ ਮੈਡਮ ਅਨੀਤਾ, ਮੈਡਮ ਰਾਜ ਕੌਰ, ਪ੍ਰੋ. ਦਲਜੀਤ ਸਿੰਘ, ਕੋਚ ਮੈਡਮ ਸਿੰਮੀ, ਸੀਨੀਅਰ ਸਹਾਇਕ ਕਮਲਬੀਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# 9 ਨੂੰ ਲੱਗੇਗੀ ਕੌਮੀ ਲੋਕ ਅਦਾਲਤ

ਬਟਾਲਾ ( ਡਾਕਟਰ ਮਲਵਿੰਦਰ ਸਿੰਘ)- ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲੇ ਵਿੱਚ ਅਗਲੀ ਕੌਮੀ ਲੋਕ ਅਦਾਲਤ 9 ਸਤੰਬਰ ਨੂੰ ਲਗਾਈ ਜਾ ਰਹੀ ਹੈ। ਰਜਿੰਦਰ ਅਗਰਵਾਲ, ਜ਼ਿਲਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 9 ਸਤੰਬਰ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿੱਚ ਜਾਂ ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿਖੇ ਦੇ ਸਕਦਾ ਹੈ।

# ਮੁੱਖ ਮੰਤਰੀ 13 ਨੂੰ ਅੰਮ੍ਰਿਤਸਰ ਤੋਂ ਕਰਨਗੇ ਸਿੱਖਿਆ ਸੁਧਾਰ ਲਈ ਨਿਵੇਕਲੀ ਉਦਮਾਂ ਦੀ ਸ਼ੁਰੂਆਤ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ 13 ਸਤੰਬਰ ਨੂੰ ਅੰਮ੍ਰਿਤਸਰ ਤੋਂ ਪੰਜਾਬ ਦੇ ਸਿੱਖਿਆ ਖੇਤਰ ਵਿਚ ਇਨਕਲਾਬੀ ਤਬਦੀਲੀ ਲਿਆਉਣ ਲਈ ਵੱਡੇ ਉਦਮਾਂ ਦੀ ਸ਼ੁਰੂਆਤ ਕਰਨਗੇ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਦੱਸਿਆ ਕਿ ਇਸ ਦਿਨ ਸਕੂਲ ਆਫ ਐਮੀਨੈਂਸ, ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਲਈ ਟਰਾਂਸਪੋਰਟ ਸੇਵਾ, ਸਕੂਲਾਂ ਵਿਚ ਸੁਰੱਖਿਆ ਕਰਮੀ ਤੇ ਹੋਰ ਸੇਵਾਵਾਂ ਵੀ ਪੰਜਾਬ ਦੇ ਬੱਚਿਆਂ ਨੂੰ ਸਮਰਪਿਤ ਕੀਤੀਆਂ ਜਾਣਗੀਆਂ। ਇਸ ਪ੍ਰੋਗਰਾਮ ਦੀਆਂ ਤਿਆਰੀਆਂ ਲਈ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦੇ ਤਲਵਾੜ ਨੇ ਦੱਸਿਆ ਕਿ ਇਸ ਮੌਕੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਸਮੇਤ ਪੰਜਾਬ ਕੈਬਨਿਟ ਦੇ ਸਾਰੇ ਵਜ਼ੀਰ, ਵਿਧਾਇਕ ਤੇ ਹੋਰ ਆਗੂ ਵੀ ਹਾਜ਼ਰ ਹੋਣਗੇ। ਉਨਾਂ ਦੱਸਿਆ ਕਿ ਛੇਹਰਟਾ ਸਥਿਤ ਸਕੂਲ ਆਫ ਐਮੀਨੈਂਸ ਦਾ ਮੁੱਖ ਮੰਤਰੀ ਪੰਜਾਬ ਵੱਲੋਂ ਵਿਸਥਾਰਤ ਦੌਰਾ ਵੀ ਇਸ ਦਿਨ ਕੀਤਾ ਜਾਵੇਗਾ। ਇਸ ਉਪਰੰਤ ਉਹ ਰਣਜੀਤ ਐਵੀਨਿਊ ਵਿਖੇ ਹੋਣ ਵਾਲੇ ਵੱਡੇ ਸਮਾਗਮ ਵਿਚ ਸਕੂਲ ਸਿੱਖਿਆ ਲਈ ਵੱਡੀਆਂ ਸੇਵਾਵਾਂ ਪੰਜਾਬ ਦੀ ਜਨਤਾ ਨੂੰ ਸਮਰਪਤ ਕਰਨਗੇ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਕੀਤੇ ਜਾਣ ਵਾਲੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਜ਼ਰੂਰੀ ਨਿਰਦੇਸ਼ ਵੀ ਅਧਿਕਾਰੀਆਂ ਨੂੰ ਦਿੱਤੇ। ਇਸ ਮੀਟਿੰਗ ਵਿਚ ਪੁਲਸ ਕਮਿਸ਼ਨਰ ਨੌਨਿਹਾਲ ਸਿੰਘ ਨੇ ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਾਂ ਨੂੰ ਲੈ ਕੇ ਅਧਿਕਾਰੀਆਂ ਨਾਲ ਵਿਚਾਰ-ਚਰਚਾ ਕੀਤੀ।

ਉਨ੍ਹਾਂ ਇਸ ਪ੍ਰੋਗਰਾਮ ਵਿਚ ਆਉਣ ਵਾਲੇ ਹਰੇਕ ਪੰਜਾਬ ਵਾਸੀ ਦੀ ਸੁਰੱਖਿਆ ਅਤੇ ਉਸ ਦੀ ਸਮਾਗਮ ਵਿਚ ਬੇਰੋਕ ਪਹੁੰਚ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਕੀਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮਿਸ਼ਨਰ ਕਾਰਪੋਰੇਸ਼ਨ ਰਾਹੁਲ, ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ, ਡਿਪਟੀ ਕਮਿਸ਼ਨਰ ਪੁਲਸ ਪਰਮਿੰਦਰ ਸਿੰਘ ਭੰਡਾਲ, ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਐਸ ਡੀ ਐਮ ਮਨਕੰਵਲ ਸਿੰਘ ਚਾਹਲ, ਐਸ ਡੀ ਐਮ ਅਲਕਾ ਕਾਲੀਆ, ਐਸ ਡੀ ਐਮ ਵਰੁਣ, ਐਸ ਪੀ ਅਮਨਦੀਪ ਕੌਰ ਅਤੇ ਸਾਰੇ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।

# ਪੁਲ ਤਿੱਬੜੀ ਏਰੀਏ ਅੰਦਰ ਨਹੀਂ ਰੁਕ ਰਿਹਾ ਚੋਰੀਆਂ ਦਾ ਸਿਲਸਿਲਾ

ਗੁਰਦਾਸਪੁਰ (ਜਨਕ ਮਹਾਜਨ)- ਬੇਟ ਇਲਾਕੇ ਦੇ ਪੁਲ ਤਿੱਬੜੀ ਏਰੀਏ ਅੰਦਰ ਪੈਂਦੇ ਨੁਸ਼ਹਿਰਾ, ਚਾਵਾ, ਬਹਾਦੁਰ ਵਿਖੇ ਚੋਰੀਆਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ ਅਤੇ ਪੁਲਸ ਅਜੇ ਤੱਕ ਕਿਸੇ ਵੀ ਚੋਰ ਨੂੰ ਕਾਬੂ ਨਹੀਂ ਕਰ ਸਕੀ ਜਿਸ ਨਾਲ ਪੁਲਸ ਪ੍ਰਸ਼ਾਸਨ 'ਤੇ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ। ਬੀਤੀ ਰਾਤ ਇਸ ਇਲਾਕੇ ਅੰਦਰ 4 ਥਾਵਾਂ 'ਤੇ ਚੋਰੀਆਂ ਹੋਣ ਦੀ ਖ਼ਬਰ ਹੈ ਜਿਸ ਵਿਚ ਇਕ ਗੁਰਦੁਆਰਾ ਨੌਸ਼ਹਿਰਾ ਚੜ੍ਹਦੀ ਪੱਤੀ ਵੀ ਸ਼ਾਮਿਲ ਹੈ। ਇਸ ਸਬੰਧੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮੰਗਤਾ ਸਿੰਘ, ਸੈਕਟਰੀ ਸਰਵਨ ਸਿੰਘ ਅਤੇ ਖਜ਼ਾਨਚੀ ਤੀਰਥ ਸਿੰਘ ਨੇ ਦੱਸਿਆ ਕਿ ਗੁਰਦੁਆਰੇ ਦਾ ਪਾਠੀ ਸ਼ਾਮ ਪਾਠ ਕਰਨ ਤੋਂ ਬਾਅਦ ਆਪਣੇ ਗੁਰਦੁਆਰਾ ਸਾਹਿਬ ਦੀ ਬੇਸਮੈਂਟ ਅੰਦਰ ਬਣੇ ਕਮਰੇ ਵਿਚ ਚਲਾ ਗਿਆ। ਜਦੋਂ ਉਹ ਸਵੇਰੇ ਉਠਿਆ ਤਾਂ ਵੇਖਿਆ ਕਿ ਗੁਰਦੁਆਰਾ ਸਾਹਿਬ ਦਾ ਮੁੱਖ ਗੇਟ ਖੁੱਲ੍ਹਾ ਪਿਆ ਸੀ ਤੇ ਗੁਰਦੁਆਰਾ ਸਾਹਿਬ ਅੰਦਰ ਰੱਖੀ ਗੋਲਕ ਚੋਰੀ ਸੀ ਜਿਸ ਵਿਚ ਲਗਭਗ 40 ਤੋਂ 50 ਹਜ਼ਾਰ ਰੁਪਏ ਪਏ ਸਨ ਜਿਸ ਨੂੰ ਚੋਰ ਚੋਰੀ ਕਰਕੇ ਲੈ ਗਏ। ਜਦੋਂ ਸੀ.ਸੀ.ਟੀ.ਵੀ. ਕੈਮਰਿਆ ਦੀ ਫੁਟੇਜ ਵੇਖੀ ਤਾਂ ਇਕ ਨੌਜਵਾਨ ਪੀਲੇ ਪਰਨੇ ਸਮੇਤ ਅੰਦਰ ਆਇਆ ਰਿਹਾ ਸੀ ਤੇ ਗੋਲਕ ਨੂੰ ਪੁੱਟ ਕੇ ਬਾਹਰ ਲੈ ਗਿਆ ਜੋ ਡਿਸਪੈਂਸਰੀ ਨਜ਼ਦੀਕ ਮਿਲੀ। ਗੋਲਕ ਵਿਚ ਪਈ ਸਾਰੀ ਰਕਮ ਚੋਰ ਕਰਕੇ ਲੈ ਗਿਆ। ਇਸੇ ਤਰ੍ਹਾਂ ਇਕ ਪੰਜ ਪੀਰ ਬਾਬਾ, ਇਕ ਮੀਟ ਦੀ ਦੁਕਾਨ ਅਤੇ ਇਕ ਜ਼ਿੰਮ ਨੂੰ ਵੀ ਚੋਰਾਂ ਵਲੋਂ ਨਿਸ਼ਾਨਾਂ ਬਣਾਇਆ ਗਿਆ ਹੈ। ਸ਼ਾਲਾ ਪੁਲਸ ਵਲੋਂ ਡਾਗ ਸਕੋਡ ਟੀਮ ਵੀ ਖੜ੍ਹੀ ਗਈ ਸੀ ਜਿਸ ਦੇ ਪੱਲੇ ਵੀ ਕੁਝ ਨਹੀਂ ਪਿਆ। ਅਜੇ ਤੀਕ ਚੋਰੀਆਂ ਦਾ ਕੋਈ ਸੁਰਾਗ ਨਹੀਂ ਲੱਗ ਸਕਿਆ। ਉਨ੍ਹਾ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਇਸ ਇਲਾਕੇ ਅੰਦਰ ਹੋ ਰਹੀਆਂ ਚੋਰੀਆਂ ਦੀ ਨਿਰਪੱਖ ਜਾਂਚ ਕਰਕੇ ਚੋਰਾਂ ਨੂੰ ਫੜਿਆ ਜਾਵੇ ਜਿਸ ਨਾਲ ਲਗਾਤਾਰ ਵਧਦਾ ਜਾ ਰਿਹਾ ਚੋਰੀਆਂ ਸਿਲਸਿਲਾ ਬੰਦ ਹੋ ਸਕੇ।

# ਸੇਵਾ ਮੁਕਤ ਬੀ ਐੱਸ ਐੱਫ ਜਵਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਕਰਾਂਗੇ ਸੰਘਰਸ਼ : ਖਤਰਾਏ ਕਲਾਂ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)** -ਅੱਜ ਇੱਥੇ ਬੀ ਐਸ ਐਫ ਐਕਸ ਸਰਵਿਸਮੈਨ ਐਸੋਸੀਏਸ਼ਨ ਪੰਜਾਬ ਦੇ ਜਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਖਤਰਾਏ ਕਲਾਂ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਜ਼ਿਲ੍ਹਾ ਪੱਧਰੀ ਰੋਸ ਇਜਲਾਸ 'ਚ ਸੂਬਾ ਜਨਰਲ ਸਕੱਤਰ ਇਕਬਾਲ ਸਿੰਘ ਅੰਮ੍ਰਿਤਸਰ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਜਦੋਂ ਕਿ ਇੰਸਪੈਕਟਰ ਬਲਕਾਰ ਸਿੰਘ ਖਾਨੋਵਾਲ, ਟੀ ਪੀ ਸਿੰਘ ਵਿਛੋਆ, ਇੰਦਰਜੀਤ ਸਿੰਘ ਲੱਖੂਵਾਲ, ਗੁਰਬਖਸ਼ ਸਿੰਘ ਖਤਰਾਏ ਕਲਾਂ, ਜਸਪਾਲ ਸਿੰਘ ਵਿਛੋਆ, ਕਸ਼ਮੀਰ ਸਿੰਘ ਖਤਰਾਏ, ਹਰਬੀਰ ਸਿੰਘ ਪਾਖਰਪੁਰਾ, ਹਰਜੀਤ ਸਿੰਘ ਭੱਖੇ ਤਾਰਾ ਸਿੰਘ, ਲਖਵਿੰਦਰ ਸਿੰਘ ਨਵਾਂ ਪਿੰਡ, ਕਰਨੈਲ ਸਿੰਘ ਜੱਸੜ, ਹਰਭਜਨ ਸਿੰਘ ਸਰਪੰਚ ਕੋਲੀਵਾਲ, ਗੁਲਜਾਰ ਸਿੰਘ ਅਜਨਾਲਾ, ਪ੍ਰੀਤਮ ਸਿੰਘ ਆਦਿ ਸੀਨੀਅਰ ਅਹੁਦੇਦਾਰਾਂ ਨੇ ਸੰਬੋਧਨ ਕਰਦਿਆਂ ਕੇਂਦਰੀ ਸਰਕਾਰ ਤੇ ਸੂਬਾ ਸਰਕਾਰ ਦੀਆਂ ਨੀਤੀਆਂ ਦੀ ਘੋਰਬੰਦੀ ਕੀਤੀ ਅਤੇ ਕਿਹਾ ਗਿਆ ਕਿ ਇਕ ਰੈਂਕ ਇਕ ਪੈਨਸ਼ਨ ਦਾ ਲਾਭ ਸੇਵਾ ਮੁਕਤ ਬੀ ਐਸ ਐਫ ਜਵਾਨਾਂ ਤੇ ਅਧਿਕਾਰੀਆਂ ਨੂੰ ਦੇਣ ਸਮੇਤ ਸਰਹੱਦਾਂ 'ਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਸੁਰੱਖਿਆ ਹਿੱਤ ਕੁਰਬਾਨ ਹੋਣ ਵਾਲੇ ਬੀ ਐਸ ਐਫ ਜਵਾਨਾਂ ਨੂੰ ਕਾਨੂੰਨੀ ਤੌਰ 'ਤੇ ਸ਼ਹੀਦ ਦਾ ਦਰਜਾ ਦੇਣ ਤੋਂ ਅਜੇ ਵੀ ਪਾਸਾ ਵੱਟਿਆ ਜਾ ਰਿਹਾ ਹੈ ਅਤੇ ਸ਼ਹੀਦਾਂ ਦੇ ਪ੍ਰਭਾਵਿਤ ਪਰਵਾਰ ਸ਼ਹੀਦ ਫੌਜੀਆਂ ਦੀ ਤਰਜ਼ 'ਤੇ ਸਰਕਾਰਾਂ ਕੋਲੋਂ ਸਹੂਲਤਾਂ ਲੈਣ ਲਈ ਖੱਜਲ ਖੁਆਰ ਹੋ ਰਹੇ ਹਨ। ਉੱਥੇ ਜ਼ਰੂਰੀ ਵਰਤੋਂ ਦੀਆਂ ਵਸਤਾਂ ਦੀ ਸੀ ਐਸ ਡੀ ਕੰਟੀਨ ਤੋਂ ਮਿਲਣ ਵਾਲੇ ਸਾਮਾਨ 'ਤੇ ਵੀ ਵੈਟ ਟੈਕਸ ਠੋਕ ਕੇ ਵਸਤਾਂ ਮਹਿੰਗੀਆਂ ਦਿੱਤੀਆਂ ਜਾ ਰਹੀਆਂ ਹਨ। ਜਦੋਂ ਕਿ ਸੇਵਾ ਮੁਕਤੀ ਪਿੱਛੋਂ ਬੀ ਐਸ ਐਫ ਜਵਾਨਾਂ ਨੂੰ ਸਾਬਕਾ ਫੌਜੀਆਂ ਦੀ ਤਰਜ਼ 'ਤੇ ਸੂਬਾ ਸਰਕਾਰ ਵੱਲੋਂ ਵੱਖ-ਵੱਖ ਸਰਕਾਰੀ ਤੇ ਅਰਧ-ਸਰਕਾਰੀ ਵਿਭਾਗਾਂ 'ਚ ਨੌਕਰੀਆਂ ਦੇਣ ਤੋਂ ਵੀ ਟਾਲਾ ਵੱਟਿਆ ਹੋਇਆ ਹੈ। ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਇਕ ਸਾਲ ਦੀ ਸਰਵਿਸ ਰਹਿਣ ਮੌਕੇ ਜਵਾਨਾਂ ਨੂੰ ਉਨ੍ਹਾਂ ਦੇ ਘਰੇਲੂ ਜ਼ਿਲ੍ਹਿਆਂ 'ਚ ਡਿਊਟੀ 'ਤੇ ਤਾਇਨਾਤ ਕੀਤਾ ਜਾਵੇ ਅਤੇ ਸੇਵਾ ਮੁਕਤ ਜਵਾਨਾਂ ਦੇ ਬੱਚਿਆਂ ਨੂੰ ਬੀ ਐਸ ਐਫ 'ਚ ਭਰਤੀ ਲਈ ਪਹਿਲ ਦਿੱਤੀ ਜਾਵੇ। ਜਿਨ੍ਹਾਂ ਸੇਵਾ ਮੁਕਤ ਜਵਾਨਾ ਦੇ ਸੀ ਜੀ ਈ ਐਸ ਕਾਰਡ ਅਜੇ ਤੱਕ ਨਹੀਂ ਬਣਾਏ ਗਏ ਉਨ੍ਹਾਂ ਦੇ ਕਾਰਡ ਫੌਰੀ ਬਣਾਏ ਜਾਣ। ਮਹਿੰਗਾਈ ਭੱਤੇ 'ਚ ਵਾਧਾ ਕਰਕੇ 3000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ। ਇਜਲਾਸ ਦੇ ਅੰਤ 'ਚ ਵੀਰ ਨਾਰੀਆਂ ਨੂੰ ਸਿਵਿਲ ਤੇ ਪੁਲਿਸ ਪ੍ਰਸ਼ਾਸ਼ਨ *ਚ ਦਰਪੇਸ਼ ਭਖਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਅਤੇ ਪ੍ਰਸ਼ਾਸ਼ਨ ਨੂੰ ਸਪਸ਼ਟ ਕੀਤਾ ਗਿਆ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਲੇਖੇ ਜਾਨ ਲਾਉਣ ਵਾਲੇ ਜਵਾਨਾ ਦੀਆਂ ਪਤਨੀਆਂ ਸਮੇਤ ਹੋਰ ਪਰਵਾਰਕ ਔਰਤਾਂ (ਵੀਰ ਨਾਰੀਆਂ) ਨੂੰ ਥਾਣਿਆਂ ਤੇ ਦਫਤਰਾਂ 'ਚ ਆਉਣ ਮੌਕੇ ਮਾਣ ਸਤਿਕਾਰ ਦਿੰਦਿਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ। ਨਜਾਇਜ਼ ਪਰੇਸ਼ਾਨ ਕਰਨ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਐਸੋਸੀਏਸ਼ਨ ਸੰਘਰਸ਼ ਦਾ ਮੋਰਚਾ ਖੋਲ੍ਹਣ ਲਈ ਮਜਬੂਰ ਹੋਵੇਗੀ।

# ਹੁਣ ਪਿੰਡ ਦਾਲਮ ਦੇ ਵਾਸੀ ਨਸ਼ਾ ਵੇਚਣ ਵਾਲਿਆਂ ਵਿਰੁੱਧ ਮੈਦਾਨ 'ਚ ਨਿੱਤਰੇ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਪੰਜਾਬ ਸਰਕਾਰ ਤੇ ਪੁਲਸ ਵੱਲੋਂ

8-Sep-PAGE-12.qxd 9/7/2023 11:11 PM Page 1



# ਪੰਜਾਬ ਖੇਡ ਮੇਲੇ 'ਚ 9 ਪੁਜ਼ੀਸ਼ਨਾਂ ਲੈ ਕੇ ਜਨਤਾ ਕਾਲਜ ਨੇ ਕਰਵਾਈ ਬੱਲੇ-ਬੱਲੇ

**ਕਰਤਾਰਪੁਰ (ਹਰਮੇਸ਼ ਦੱਤ)** ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਦੀਆਂ ਵਿਦਿਆਰਥਣਾਂ ਨੇ 'ਪੰਜਾਬ ਖੇਡ ਮੇਲਾ 2023'( ਬਲਾਕ ਲੈਵਲ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਦੀਆਂ ਵਿਦਿਆਰਥਣਾਂ ਨੇ ਪ੍ਰਿੰਸੀਪਲ ਡਾ. ਪ੍ਰੈਟੀ ਸੋਢੀ ਦੀ ਅਗਵਾਈ ਵਿੱਚ ਇਨ੍ਹਾਂ ਖੇਡਾਂ ਵਿੱਚ ਭਾਗ ਲਿਆ। 100 ਮੀਟਰ ਦੌੜ ਕੈਟੇਗਰੀ ਵਿੱਚ ਪ੍ਰਿਆ (ਬੀ.ਸੀ ਏ ਸਮੈਸਟਰ ਤੀਜਾ)ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਇਸੇ ਕੈਟੇਗਰੀ ਵਿੱਚ ਤਮੰਨਾ( ਬੀ.ਏ ਸਮੈਸਟਰ ਪਹਿਲਾ) ਤੀਜੇ ਸਥਾਨ ਤੇ ਰਹੀ। 200 ਮੀਟਰ ਦੌੜ ਕੈਟੇਗਰੀ ਵਿੱਚ ਚੇਤਨਾ (ਬੀ.ਸੀ.ਏ ਸਮੈਸਟਰ ਤੀਜਾ) ਦੂਜਾ ਸਥਾਨ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੀ। ਪੰਜ ਹਜਾਰ ਮੀਟਰ ਦੌੜ ਕੈਟੇਗਰੀ ਵਿੱਚ ਰਾਣੀ ( ਬੀ.ਸੀ ਏ ਸਮੈਸਟਰ ਪਹਿਲਾ) ਪਹਿਲੇ ਸਥਾਨ 'ਤੇ ਰਹੀ। ਇਸੇ ਕੈਟੇਗਰੀ ਵਿਚ ਕੁਲਵਿੰਦਰ( ਕੋਸਮੈਟਲੋਜੀ ਪੀ.ਜੀ ਡਿਪਲੋਮਾ )ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥਣ ਪ੍ਰਿਆ( ਬੀ.ਸੀ ਏ ਸਮੈਸਟਰ ਤੀਜਾ)ਨੇ 400 ਮੀਟਰ ਦੌੜ ਕੈਟੇਗਰੀ ਵਿਚ ਦੂਜਾ ਸਥਾਨ ਤੇ ਚੇਤਨਾ( ਬੀ.ਸੀ ਏ ਸਮੈਸਟਰ ਤੀਜਾ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਦੀ ਰੱਸਾਕੱਸੀ ਟੀਮ (ਲੜਕੀਆਂ 21-30) ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੀ ਧਾਕ ਜਮਾਈ। ਗੋਲਾ ਸੁੱਟਣ ਵਿੱਚ ਕਾਲਜ ਦੀ ਵਿਦਿਆਰਥਣ ਕੁਲਵਿੰਦਰ (ਕੋਸਮੈਟੋਲੋਜੀ ਪੀ.ਜੀ ਡਿਪਲੋਮਾ ) ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੀ ਅਲੱਗ ਪਹਿਚਾਣ ਬਣਾਈ। ਪ੍ਰਿੰਸੀਪਲ ਡਾ. ਸੋਢੀ ਨੇ ਸਮੂਹ ਸਟਾਫ ,ਜੇਤੂ ਵਿਦਿਆਰਥਣਾਂ , ਮਾਪਿਆਂ ਤੇ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਬੂਟਾ ਸਿੰਘ ਨੂੰ ਮੁਬਾਰਕ ਦਿੰਦਿਆਂ ਕਿਹਾ ਕਿ ਇਹ ਪੋਜੀਸਨਾਂ ਵਿਭਾਗ ਦੇ ਮੁਖੀ ਤੇ ਵਿਦਿਆਰਥਣਾਂ ਦੀ ਸ਼ਖਤ ਮਿਹਨਤ ਦਾ ਨਤੀਜਾ ਹੈ। ਕਾਲਜ ਦੇ ਸਕੱਤਰ ਸ੍ਰੀ ਹਰੀ ਪਾਲ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜੋਕੇ ਸਮੇਂ ਵਿੱਚ ਲੜਕੀਆਂ ਹਰ ਖੇਤਰ ਵਿੱਚ ਮੱਲਾਂ ਮਾਰ ਕੇ ਆਪਣਾ ਨਾਂਅ ਰੌਸ਼ਨ ਕਰ ਰਹੀਆਂ ਹਨ। ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਐਮ .ਐਲ. ਏ (ਹਲਕਾ ਕਰਤਾਰਪੁਰ )ਚੌਧਰੀ ਸੁਰਿੰਦਰ ਸਿੰਘ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ । ਇਸ ਮੌਕੇ ਪ੍ਰੋਫੈਸਰ ਅਲਕਾ ਅਤੇ ਸ੍ਰੀਮਤੀ ਸਰੋਜ ਸ਼ਰਮਾ ਵੀ ਹਾਜਰ ਸਨ।

# ਬਾਇਓਮੈਟ੍ਰਿਕ ਮਸ਼ੀਨਾਂ 'ਚ ਤਕਨੀਕੀ ਖਰਾਬੀ ਹੋਣ ਕਾਰਨ ਲੋਕ ਪ੍ਰੇਸ਼ਾਨ

**ਮਹਿਤਪੁਰ (ਰਾਜਾ)** ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਨਾਲ ਜੁੜੇ ਪਰਵਾਰਾਂ ਨੂੰ ਰਾਸ਼ਨ ਡਿਪੂਆਂ 'ਤੇ ਵੰਡੀ ਜਾ ਰਹੀ ਕਣਕ ਮਾਮਲੇ ਨੂੰ ਲੈ ਕੇ ਬਾਇਓਮੈਟਿਕ ਮਸ਼ੀਨਾਂ 'ਚ ਆਈ ਤਕਨੀਕੀ ਖਰਾਬੀ ਕਾਰਨ ਕਣਕ ਦਾ ਕੰਮ ਵਿਚਾਲੇ ਲਟਕਿਆ ਹੋਇਆ ਹੈ।

ਜਿਸ ਕਾਰਨ ਯੋਜਨਾ ਨਾਲ ਜੁੜੇ ਪਰਵਾਰਾਂ ਅਤੇ ਡੀਪੂ ਹੋਲਡਰਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਮਹਿਤਪੁਰ ਤੇ ਆਸ-ਪਾਸ ਪਿੰਡਾਂ ਦੇ ਡਿਪੂ ਹੋਲਡਰ ਤੇ ਤੇਜਿੰਦਰ ਪਾਲ ਸਿੰਘ, ਕਸ਼ਮੀਰੀ ਲਾਲ, ਹਰਵਿੰਦਰ ਸਿੰਘ ਬਾਲੋਕੀ, ਜਸਵੀਰ ਸਿੰਘ ਆਦਰਮਾਨ, ਸਤਵੰਤ ਸਿੰਘ ਸਾਹਪੁਰ, ਕਮਲ ਕਿਸ਼ੋਰ, ਮਹਿਸਮਪੁਰ ਸੁਸਾਇਟੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਡਿਪੂ ਹੋਲਡਰ ਕੋਲ ਕਣਕ ਦਾ ਕੋਟਾ ਬਕਾਇਆ ਪਿਆ ਹੋਇਆ ਹੈ। ਜੋ ਕਿ ਬਾਇਓਮੈਟ੍ਰਿਕ ਮਸ਼ੀਨਾਂ ਖਰਾਬ ਹੋਣ ਕਾਰਨ ਪਿਛਲੇ ਕਰੀਬ 14 ਦਿਨਾਂ ਤੋ ਲਾਭਪਾਤਰ ਪਰਵਾਰ ਵਿੱਚ ਕਣਕ ਵੰਡਣ ਨੂੰ ਲੈ ਕੇ ਡਿਪੂ ਹੋਲਡਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਸਬੰਧੀ ਡਿਪੂ ਹੋਲਡਰ ਵਲੋਂ ਸਮੇਂ ਸਮੇਂ ਤੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਆਪਣੀਆਂ ਸਮੱਸਿਆ ਸਬੰਧੀ ਜਾਣੂ ਕਰਵਾਇਆ ਗਿਆ ਹੈ। ਬਾਵਜੂਦ ਇਸਦੇ ਮਸ਼ੀਨਾਂ ਵਿੱਚ ਆਈ ਤਕਨੀਕੀ ਖਰਾਬੀ ਦਾ ਹਾਲ ਦੀ ਘੜੀ ਵੀ ਕੋਈ ਹੱਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਲੋਕ ਰਾਸ਼ਨ ਡਿਪੂਆਂ ਦੇ ਗੇੜੇ ਕੱਢ ਰਹੇ ਹਨ। ਜਿਸ ਨਾਲ ਡਿਪੂ ਹੋਲਡਰ ਤੇ ਲਾਭਪਾਤਰ ਪਰਵਾਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਐੱਲ ਪੀ ਯੂ ਨੇ 165 ਅਧਿਆਪਕਾਂ ਤੇ ਖੋਜਕਰਤਾਵਾਂ ਨੂੰ ਕੀਤਾ ਸਨਮਾਨਤ

**ਜਲੰਧਰ (ਸ਼ੈਲੀ ਐਲਬਰਟ)**-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਨੇ ਆਪਣੇ 18ਵੇਂ ਸਥਾਪਨਾ ਦਿਵਸ ਅਤੇ ਰਾਸ਼ਟਰੀ ਅਧਿਆਪਕ ਦਿਵਸ ਨੂੰ ਵਿਦਿਆਰਥੀਆਂ ਦੇ ਵਿਕਾਸ ਲਈ ਨਿਭਾਈਆਂ ਮਿਸਾਲੀ ਸੇਵਾਵਾਂ ਲਈ ਆਪਣੇ 165 ਨਿਰਸਵਾਰਥ ਅਤੇ ਉੱਘੇ ਅਧਿਆਪਕਾਂ, ਖੋਜਕਰਤਾਵਾਂ ਅਤੇ ਪ੍ਰਸ਼ਾਸਕਾਂ ਨੂੰ ਸਨਮਾਨਿਤ ਕਰਕੇ ਮਨਾਇਆ।ਅਧਿਆਪਕਾਂ ਨੂੰ ਨਕਦ ਪੁਰਸਕਾਰ ਦਿੱਤੇ ਗਏ । ਸਾਰੇ ਫੈਕਲਟੀ ਅਤੇ ਸਟਾਫ ਮੈਂਬਰਾਂ ਨੂੰ ਸੰਬੋਧਿਤ ਕਰਦੇ ਹੋਏ, ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ ਰਾਜ ਸਭਾ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਸਾਂਝਾ ਕੀਤਾ ।

ਅਧਿਆਪਕ ਵਿਸ਼ਵ ਵਿੱਚ ਸਿੱਖਿਆ ਦੇ ਸੱਚੇ ਰੱਖਿਅਕ ਹਨ । ਉਹ ਕਾਫ਼ੀ ਕਿਸਮਤ ਵਾਲੇ ਹਨ ਕਿਉਂਕਿ ਉਨ੍ਹਾਂ ਨੂੰ ਦੂਜਿਆਂ ਦੇ ਜੀਵਨ ਨੂੰ ਆਕਾਰ ਦੇਣ ਦਾ ਮਹਾਨ ਕੰਮ ਸੌਂਪਿਆ ਗਿਆ ਹੈ।। ਐਲਪੀਯੂ ਵਿੱਚ 75,000 ਗੁਣਵੱਤਾ ਵਾਲੇ ਵਿਦਿਆਰਥੀਆਂ ਦੀ ਮੌਜੂਦਾ ਤਾਕਤ ਬਾਰੇ ਜਾਣਕਾਰੀ ਦਿੰਦੇ ਹੋਏ, ਡਾ: ਮਿੱਤਲ ਨੇ ਇਸ ਨੂੰ ਹੋਰ ਚੁਣੌਤੀਆਂ ਦੇ ਨਾਲ ਇੱਕ ਵਾਧੂ ਜ਼ਿੰਮੇਵਾਰੀ ਦੱਸਿਆ। ਇੱਥੇ, ਉਨ੍ਹਾਂ ਯੂਨੀਵਰਸਿਟੀ ਨੂੰ ਮਿਲੇ ਸਭ ਤੋਂ ਉੱਚੇ ਗ੍ਰੇਡ 1+ ਅਤੇ ਚੋਟੀ ਦੇ ਰੈਂਕਾਂ ਬਾਰੇ ਵੀ ਗੱਲ ਕੀਤੀ, ਜੋ ਵਿਅਕਤੀਗਤ ਪਛਾਣ ਨੂੰ ਬਣਾਈ ਰੱਖਣ ਲਈ ਉਹਨਾਂ ਤੋਂ ਵਧੀਆ ਡਿਲੀਵਰੀ ਦੀ ਉਮੀਦ ਕਰਦਾ ਹੈ। ਡਾ: ਮਿੱਤਲ ਨੇ ਸਭ ਨੂੰ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਦੇ ਅਨੁਸਾਰ ਚੱਲਣ ਦਾ ਸੱਦਾ ਵੀ ਦਿੱਤਾ।ਇਸ ਮੌਕੇ 'ਤੇ ਐਲਪੀਯੂ ਦੀ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ, ਡਾਇਰੈਕਟਰ ਜਨਰਲ ਇੰਜੀ. ਐਚ ਆਰ ਸਿੰਗਲਾ, ਵਾਈਸ-ਪ੍ਰੋ ਚਾਂਸਲਰਜ਼ ਪ੍ਰੋ ਡਾ: ਲਵੀ ਰਾਜ ਗੁਪਤਾ ਅਤੇ ਪ੍ਰੋ ਡਾ: ਸੰਜੇ ਮੋਦੀ ਅਤੇ ਰਜਿਸਟਰਾਰ ਡਾ: ਮੋਨਿਕਾ ਗੁਲਾਟੀ ਮਾਨਯੋਗ ਚਾਂਸਲਰ ਦੇ ਨਾਲ ਸਨ ।

# ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਮਨਾਇਆ ਅਧਿਆਪਕ ਦਿਵਸ

**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸਵਰ)** : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ 'ਅਧਿਆਪਕ ਦਿਵਸ' ਮਨਾਇਆ ਗਿਆ।

ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ, ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੁਆਰਾ ਡਾ. ਰਾਧਾ ਕ੍ਰਿਸ਼ਨਨ ਦੇ ਜਨਮ ਦਿਨ ਨੂੰ ਸਮਰਪਿਤ ਜੋਤੀ ਪ੍ਰਕਾਸ਼ਨ ਕੀਤਾ ਗਿਆ ਅਤੇ ਪ੍ਰਮਾਤਮਾ ਅੱਗੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਅਰਦਾਸ ਕੀਤੀ ਗਈ। ਸਕੂਲ ਅਧਿਆਪਕਾਂ ਦੁਆਰਾ ਵੱਖ- ਵੱਖ ਗਤੀਵਿਧੀਆਂ ਗੀਤ ਗਾਇਨ, ਡਾਂਸ ਪਰਫਾਰਮੈਂਸ, ਮਜੇਦਾਰ ਸਕਿੱਟ/ ਕੋਰਿਓਗ੍ਰਾਫੀ 'ਚ ਪਰਫਾਰਮੈਂਸ ਸ਼ਲਾਘਾਯੋਗ ਸੀ।

ਸਕੂਲ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਵੱਲੋਂ ਸਮੂਹ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਵਾਇਸ ਮੈਨੇਜਿੰਗ ਡਾਇਰੈਕਟਰ ਪ੍ਰਗਟ ਸਿੰਘ ਜੱਜ ਮੁੱਖ ਮਹਿਮਾਨ ਵਜੋਂ ਪਹੁੰਚੇ।

# ਸਾਉਣੀ ਸੀਜ਼ਨ ਦੌਰਾਨ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਏਗੀ : ਬਰਸਟ

**ਸ਼ਾਹਕੋਟ (ਗਿਆਨ ਸੈਦਪੁਰੀ)** ਪੰਜਾਬ ਮੰਡੀ ਬੋਰਡ ਫੀਲਡ ਆਫੀਸਰਜ ਐਸੋਸੀਏਸ਼ਨ ਵੱਲੋਂ ਚੇਅਰਮੈਨ ਪੰਜਾਬ ਮੰਡੀ ਬੋਰਡ ਹਰਚੰਦ ਸਿੰਘ ਬਰਸਟ ਨਾਲ ਸਕੱਤਰ ਮਾਰਕਿਟ ਕਮੇਟੀ, ਉਪ ਜ਼ਿਲ੍ਹਾ ਮੰਡੀ ਅਫਸਰ ਅਤੇ ਜ਼ਿਲ੍ਹਾ ਮੰਡੀ ਅਫਸਰਾਂ ਨੂੰ ਫੀਲਡ ਵਿੱਚ ਆ ਰਹੀਆਂ ਮੁਸ਼ਕਿਲਾਂ ਸਬੰਧੀ ਜਾਣੂ ਕਰਵਾਉਣ ਲਈ ਮੁਲਾਕਾਤ ਕੀਤੀ ਗਈ। ਇਸ ਮੁਲਾਕਾਤ ਦੌਰਾਨ ਚੇਅਰਮੈਨ ਪੰਜਾਬ ਮੰਡੀ ਬੋਰਡ ਵਲੋਂ ਹਰ ਇੱਕ ਮੁਸ਼ਕਲ ਦਾ ਸਕਾਰਾਤਮਕ ਤਰੀਕੇ ਨਾਲ ਹੱਲ ਕਰਨ ਦੀ ਸਹਿਮਤੀ ਦਿੱਤੀ ਗਈ। ਇਸ ਮੌਕੇ ਚੇਅਰਮੈਨ ਬਰਸਟ ਵੱਲੋਂ ਪੰਜਾਬ ਮੰਡੀ ਬੋਰਡ ਫੀਲਡ ਆਫੀਸਰਜ ਐਸੋਸੀਏਸ਼ਨ ਨੂੰ ਆਉਣ ਵਾਲੇ ਸਾਉਣੀ ਸੀਜਨ ਨੂੰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਦੇ ਹੋਏ ਸੀਜਨ ਦੌਰਾਨ ਕਿਸਾਨਾਂ/ਆੜ੍ਹਤੀਆਂ/ਮਜਦੂਰਾਂ ਅਤੇ ਮੁਲਾਜਮਾਂ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਾ ਆਉਣ ਸਬੰਧੀ ਯਕੀਨੀ ਬਣਾਉਣ ਲਈ ਹਦਾਇਤਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਚੇਅਰਮੈਨ ਵਲੋਂ ਮੰਡੀ ਬੋਰਡ ਦਾ ਰੈਵਨਿਊ ਵਧਾਉਣ ਲਈ ਹੋਰ ਉਪਰਾਲੇ ਕਰਨ, ਮੰਡੀਆਂ ਵਿੱਚ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਮੰਡੀਆਂ ਵਿੱਚ ਹੋਏ ਨਾਜਾਇਜ ਕਬਜਿਆਂ ਨੂੰ ਦੂਰ ਕਰਨ ਲਈ ਤੁਰੰਤ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ ਗਿਆ। ਪੰਜਾਬ ਮੰਡੀ ਬੋਰਡ ਫੀਲਡ ਆਫੀਸਰਜ ਐਸੋਸੀਏਸ਼ਨ ਵਲੋਂ ਚੇਅਰਮੈਨ ਮੰਡੀ ਬੋਰਡ ਦਾ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਪ੍ਰਤੀ ਵਿਸ਼ਵਾਸ ਅਤੇ ਸਕਾਰਾਤਮਕ ਰਵੱਈਏ ਦਾ ਧੰਨਵਾਦ ਕਰਦੇ ਹੋਏ ਚੇਅਰਮੈਨ ਵਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਨੂੰ ਫੀਲਡ ਵਿੱਚ ਪੂਰਨ ਤਰੀਕੇ ਨਾਲ ਲਾਗੂ ਕਰਨ ਦਾ ਭਰੋਸਾ ਦਿਵਾਇਆ ਗਿਆ।

# ਇਨੋਸੈਂਟ ਹਾਰਟਸ 'ਚ ਜਨਮ ਅਸ਼ਟਮੀ ਦਾ ਜਸ਼ਨ, ਮਾਹੌਲ ਹੋਇਆ ਕ੍ਰਿਸ਼ਨਮਈ

**ਜਲੰਧਰ (ਸ਼ੈਲੀ ਐਲਬਰਟ)**-ਇਨੋਸੈਂਟ ਹਾਰਟਸ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ ਜੰਡਿਆਲਾ ਰੋਡ, ਨੂਰਪੁਰ ਰੋਡ ਅਤੇ ਕਪੂਰਥਲਾ ਰੋਡ) ਦੇ ਪੰਜਾਂ ਸਕੂਲਾਂ ਵਿੱਚ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ । ਇਸ ਮੌਕੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਫੁੱਲਾਂ ਨਾਲ ਸਜੇ ਝੂਲੇ ਵਿੱਚ ਬਾਲ ਕ੍ਰਿਸ਼ਨ ਦਾ ਝੂਲਾ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ।ਇੰਨੋਕਿਡਜ਼ ਦੇ ਛੋਟੇ-ਛੋਟੇ ਬੱਚਿਆਂ ਜੋ ਕ੍ਰਿਸ਼ਨ ਅਤੇ ਗੋਪੀਆਂ ਦੇ ਪਹਿਰਾਵੇ ਵਿੱਚ ਆਏ ਸਨ, ਨੇ ਸਾਰਿਆਂ ਨੂੰ ਮੋਹ ਲਿਆ। ਸਿੰਫਨੀ ਕਲੱਬ ਦੇ ਵਿਦਿਆਰਥੀਆਂ ਨੇ 'ਹੇ ਪਾਲਨਹਾਰੇ' ਦਾ ਭਜਨ ਗਾ ਕੇ ਪ੍ਰਮਾਤਮਾ ਨੂੰ ਯਾਦ ਕੀਤਾ। ਬੱਚਿਆਂ ਨੇ ਸ੍ਰੀ ਕ੍ਰਿਸ਼ਨ ਦੇ ਭਜਨਾਂ ਤੇ ਨੱਚ ਕੇ ਪੂਰੇ ਮਾਹੌਲ ਨੂੰ ਕ੍ਰਿਸ਼ਨਮਈ ਬਣਾ ਦਿੱਤਾ । ਸ੍ਰੀ ਕ੍ਰਿਸ਼ਨ ਜੀ ਦੇ ਬਚਪਨ ਦੇ ਮਨੋਰੰਜਨ ਦਾ ਮੰਚਨ ਕਰਦੇ ਹੋਏ, ਕਿਸੇ ਨੇ ਸ੍ਰੀ ਕ੍ਰਿਸ਼ਨ ਨਾਲ ਦੋਸਤੀ ਕਾਇਮ ਰੱਖਣ ਲਈ ਸੁਦਾਮਾ ਹੋਣ ਦਾ ਪਾਤਰ ਪੇਸ਼ ਕੀਤਾ, ਤਾਂ ਕਿਸੇ ਨੇ ਗੋਵਰਧਨ ਪਰਬਤ ਨੂੰ ਚੁੱਕਣ ਦੀ ਲੀਲਾ ਨੂੰ ਦਿਖਾਇਆ।ਵਿਦਿਆਰਥੀਆਂ ਨੇ ਡਾਂਸ ਪੇਸ਼ਕਾਰੀ ਰਾਹੀਂ ਕਾਲੀਆ ਨਾਗ ਦੀ ਹੱਤਿਆ ਨੂੰ ਦਿਖਾਇਆ, ਮਟਕੀ ਤੋੜਨ ਅਤੇ ਵਰਿੰਦਾਵਨ ਦੀ ਰਾਸਲੀਲਾ ਵੀ ਦਿਖਾਈ। ਕ੍ਰਿਸ਼ਨ ਲੀਲਾਂ 'ਤੇ ਆਧਾਰਿਤ ਨ੍ਰਿਤ ਨਾਟਕਾਂ ਨੇ ਸਭ ਨੂੰ ਮੋਹ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਸ਼ਾਦ ਵੰਡਿਆ ਗਿਆ। ਸਮੂਹ ਸਕੂਲ ਦੇ ਪ੍ਰਿੰਸੀਪਲਾਂ ਨੇ ਬੱਚਿਆਂ ਨੂੰ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀ ਵਧਾਈ ਦਿੱਤੀ ਅਤੇ ਸ਼੍ਰੀ ਕ੍ਰਿਸ਼ਨ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਅਤੇ ਕਰਮ-ਮਾਰਗ ਉੱਤੇ ਚੱਲਣ ਲਈ ਕਿਹਾ। ਇਸ ਮੌਕੇ ਇੰਨੋਸੈਂਟ ਹਾਰਟਸ ਗਰੁੱਪ ਦੀ ਡਿਪਟੀ ਡਾਇਰੈਕਟਰ ਕਲਚਰਲ ਅਫੇਅਰਜ਼ ਸ਼੍ਰੀਮਤੀ ਸ਼ਰਮੀਲਾ ਨਾਕਰਾ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਕਰਵਾਉਣ ਦਾ ਮਕਸਦ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨਾ, ਉਨ੍ਹਾਂ ਅੰਦਰ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਜਾਗ੍ਰਿਤ ਕਰਨਾ ਹੈ।

## ਜਨਮ ਦਿਨ ਮੁਬਾਰਕ

ਏਂਜਲ, ਜਲੰਧਰ

ਵਰਾਜਪ੍ਰੀਤ ਸਿੰਘ ਅਰੋੜਾ

ਸੋਨਮ, ਪਿੰਡ ਹੀਉਂ, ਬੰਗਾ

ਹਰਨਿਵਾਜ਼ ਸਿੰਘ ਸੰਧੂ, ਗੁਰਦਾਸਪੁਰ

ਗੁਰਸਾਹਿਬ ਸਿੰਘ, ਪਿੰਡ ਲੁਹਾਮ



ਪ੍ਰਤਾਪ ਸਿੰਘ, ਜਲੰਧਰ

# 'ਖੇਡਾਂ ਵਤਨ ਪੰਜਾਬ ਦੀਆਂ' ਦਾ ਸਮਾਪਤੀ ਸਮਾਰੋਹ ਅੱਜ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**- ਬੀਤੇ ਦਿਨੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਕਲਾਂ ਚੀਮਾ ਖੁਰਦ ਵਿਖੇ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀਆਂ ਖੇਡਾ